SWITCH INSURANCE
AUTO, HOME & COMMERCIAL
Auto&Home Insurance
Commercial Vehicle Insurance
Commercial Property Insurance
Commercial General Liability (CGL)
Rental Property
Call:905-965-7474
7900 Hurontario St., Suite 308, Brampton, ON, L6Y 0P6
https://www.switchinsurance.ca

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 237 | Monday, December 12, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਓਨਟਾਰੀਓ ਸਰਕਾਰ ਨੇ ਓਸੀਈਡਬਲਿਊ ਨਾਲ ਡੀਲ ਕੀਤੀ ਫਾਈਨਲ

ਓਨਟਾਰੀਓ, 11 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਓਨਟਾਰੀਓ ਕਾਊਂਸਲ ਆਫ ਐਜੂਕੇਸ਼ਨਲ ਵਰਕਰਜ਼ (ਓਸੀਈਡਬਲਿਊ) ਦੀ ਨੁਮਾਇੰਦਗੀ ਵਾਲੇ ਸਕੂਲ ਸਟਾਫ ਨਾਲ ਡੀਲ ਸਿਰੇ ਚੜ੍ਹਾ ਲਈ ਗਈ ਹੈ।

ਓਸੀਈਡਬਲਿਊ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਇਹ ਡੀਲ ਬਾਰਗੇਨਿੰਗ ਕਾਊਂਸਲ, ਦ ਕਾਊਂਸਲ ਆਫ ਟਰੱਸਟੀਜ਼ ਐਸੋਸਿਏਸ਼ਨ ਐਂਡ ਦ ਪ੍ਰੋਵਿੰਸ ਦਰਮਿਆਨ ਕਈ ਦਿਨਾਂ ਤੱਕ ਚੱਲੀ ਗੱਲਬਾਤ ਤੋਂ ਬਾਅਦ ਸਿਰੇ ਚੜ੍ਹਾਈ ਗਈ। ਇਹ ਵੀ ਆਖਿਆ ਗਿਆ ਕਿ ਆਉਣ ਵਾਲੇ ਕੁੱਝ ਹਫਤਿਆਂ ਵਿੱਚ ਪ੍ਰੋਵਿੰਸ ਭਰ ਦੇ ਉਨ੍ਹਾਂ ਦੇ ਮੈਂਬਰਾਂ ਵੱਲੋਂ ਇਸ ਉੱਤੇ ਮੋਹਰ ਲਾਉਣ ਦਾ ਕੰਮ ਕੀਤਾ ਜਾਵੇਗਾ।



ਓਸੀਈਡਬਲਿਊ ਪ੍ਰੋਵਿੰਸ ਭਰ ਦੇ ਪਬਲਿਕ ਤੇ ਕੈਥੋਲਿਕ ਸਕੂਲ ਬੋਰਡਜ਼ ਦੇ ਹਜ਼ਾਰਾਂ ਵਰਕਰਜ਼ ਦੀ ਨੁਮਾਇੰਦਗੀ ਕਰਦੀ ਹੈ ਤੇ ਇਨ੍ਹਾਂ ਵਿੱਚ ਐਜੂਕੇਸ਼ਨਲ ਰਿਸੋਰਸ ਫੈਸਿਲਿਟੇਟਰਜ਼ ਤੇ ਮੇਨਟੇਨੈਂਸ ਤੇ ਕੰਸਟ੍ਰਕਸ਼ਨ ਵਰਕਰਜ਼ ਵੀ ਸ਼ਾਮਲ ਹਨ। ਇਸ ਦੌਰਾਨ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਇੱਕ ਰਲੀਜ਼ ਜਾਰੀ ਕਰਦਿਆਂ ਆਖਿਆ ਕਿ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਐਜੂਕੇਸ਼ਨ ਯੂਨੀਅਨਜ਼ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੇ ਸਮਰੱਥ ਹੈ।

## ਮਿਸੀਸਾਗਾ-ਲੇਕਸ਼ੋਰ ਲਈ ਅੱਜ ਹੋਵੇਗੀ ਜ਼ਿਮਨੀ ਚੋਣ

ਮਿਸੀਸਾਗਾ, 11 ਦਸੰਬਰ (ਪੋਸਟ ਬਿਊਰੋ) : ਸੋਮਵਾਰ ਨੂੰ ਓਨਟਾਰੀਓ ਵਿੱਚ ਹੋਣ ਵਾਲੀਆਂ ਫੈਡਰਲ ਜ਼ਿਮਨੀ ਚੋਣਾਂ ਅਜਿਹਾ ਪਹਿਲਾ ਮੌਕਾ ਹੋਣਗੀਆਂ ਜਦੋਂ ਕੈਨੇਡੀਅਨਜ਼ ਨੂੰ ਪਿਏਰ ਪੌਲੀਏਵਰ ਦੇ ਪਾਰਟੀ ਲੀਡਰ ਬਣਨ ਤੋਂ ਬਾਅਦ ਪਹਿਲੀ ਵਾਰੀ ਕੰਜ਼ਰਵੇਟਿਵਜ਼ ਲਈ ਵੋਟ ਪਾਉਣ ਦਾ ਮੌਕਾ ਮਿਲੇਗਾ।




ਗ੍ਰੇਟਰ ਟੋਰਾਂਟੋ ਏਰੀਆ ਵਿੱਚ ਮਿਸੀਸਾਗਾ-ਲੇਕਸ਼ੋਰ ਦੇ ਵੋਟਰਜ਼ ਲਿਬਰਲ ਐਮਪੀ ਦੇ ਅਹੁਦਾ ਛੱਡਣ ਤੋਂ ਬਾਅਦ ਇੱਥੇ ਹੋ ਰਹੀਆਂ ਜ਼ਿਮਨੀ ਚੋਣਾਂ ਵਿੱਚ ਸੋਮਵਾਰ ਨੂੰ ਹਿੱਸਾ ਲੈਣਗੇ। ਲਿਬਰਲਾਂ ਵੱਲੋਂ ਇਸ ਸੀਟ ਲਈ ਓਨਟਾਰੀਓ ਦੇ ਸਾਬਕਾ ਲਿਬਰਲ ਫਾਇਨਾਂਸ ਮੰਤਰੀ, ਜਿਨ੍ਹਾਂ ਨੇ ਪ੍ਰੋਵਿੰਸ਼ੀਅਲ ਵਿਧਾਨਸਭਾ ਵਿੱਚ ਮਿਸੀਸਾਗਾ ਸਾਊਥ ਦੀ ਨੁਮਾਇੰਦਗੀ ਕੀਤੀ ਸੀ, ਚਾਰਲਸ ਸੌਸਾ ਨੂੰ ਖੜ੍ਹਾ ਕੀਤਾ ਗਿਆ ਹੈ।

ਟੋਰੀਜ਼ ਵੱਲੋਂ ਇਸ ਇਲਾਕੇ ਦੇ ਪੁਲਿਸ ਅਧਿਕਾਰੀ ਰੌਨ ਸਿਨਜ਼ਰ ਨੂੰ ਮੌਕਾ ਦਿੱਤਾ ਜਾ ਰਿਹਾ ਹੈ।

## ਦੋ ਗੱਡੀਆਂ ਦੀ ਆਹਮੋ ਸਾਹਮਣੀ ਟੱਕਰ ਵਿੱਚ ਦੋ ਹਲਾਕ



ਟੋਰਾਂਟੋ, 11 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਵਿੱਚ ਹਾਈਵੇਅ 401 ਉੱਤੇ ਗਲਤ ਪਾਸੇ ਗੱਡੀ ਡਰਾਈਵ ਕਰਨ ਕਾਰਨ ਦੋ ਗੱਡੀਆਂ ਦੀ ਹੋਈ ਆਹਮੋ ਸਾਹਮਣੀ ਟੱਕਰ ਵਿੱਚ ਦੋ ਵਿਅਕਤੀ ਮਾਰੇ ਗਏ। ਇਹ ਜਾਣਕਾਰੀ ਪ੍ਰੋਵਿੰਸ਼ੀਅਲ ਪੁਲਿਸ ਅਧਿਕਾਰੀਆਂ ਵੱਲੋਂ ਦਿੱਤੀ ਗਈ। ਓਪੀਪੀ ਟਵਿੱਟਰ ਐਕਾਊਂਟ ਉੱਤੇ ਹਾਦਸੇ ਦੇ ਕਈ ਘੰਟੇ ਬਾਅਦ ਅਪਡੇਟ ਕੀਤੀ ਗਈ ਜਾਣਕਾਰੀ ਅਨੁਸਾਰ ਇਹ ਘਟਨਾ ਬੇਅਵਿਊ ਐਵਨਿਊ ਨੇੜੇ ਹਾਈਵੇਅ ਦੀ ਪੂਰਬ ਵਾਲੀਆਂ ਲੇਨਜ਼ ਉੱਤੇ ਸਵੇਰੇ 5:30 ਵਜੇ ਵਾਪਰੀ। ਸਾਰਜੈਂਟ ਕੈਰੀ ਸ਼ਮਿਡਟ ਨੇ ਦੱਸਿਆ ਕਿ ਅਧਿਕਾਰੀਆਂ ਨੂੰ ਕਾਲੇ ਰੰਗ ਦੀ ਗੱਡੀ ਦੇ ਪੂਰਬ ਵਾਲੀਆਂ ਲੇਨਜ਼ ਉੱਤੇ ਪੱਛਮ ਵੱਲ ਜਾਂਦਿਆਂ ਵੇਖਣ ਦੀਆਂ ਰਿਪੋਰਟਾਂ ਮਿਲੀਆਂ।

ਉਨ੍ਹਾਂ ਦੱਸਿਆ ਕਿ ਗੱਡੀ 35 ਸਾਲਾ ਮਿਸੀਸਾਗਾ ਦੀ ਮਹਿਲਾ ਚਲਾ ਰਹੀ ਸੀ ਤੇ ਗੱਡੀ ਪੂਰਬ ਵਾਲੀਆਂ ਲੇਨਜ਼ ਵਿੱਚ ਗੱਡੀ ਲਿਜਾ ਰਹੇ 53 ਸਾਲਾ ਵਿਅਕਤੀ ਦੀ ਗੱਡੀ ਨਾਲ ਟਕਰਾ ਗਈ। ਸ਼ਮਿਡਟ ਨੇ ਆਖਿਆ ਕਿ ਦੋਵਾਂ ਡਰਾਈਵਰਾਂ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਡਾਕਾ ਮਾਰਨ ਦੀ ਕੋਸ਼ਿਸ਼ ਕਰਨ ਵਾਲੇ 4 ਵਿਅਕਤੀਆਂ ਨੂੰ ਕੀਤਾ ਗਿਆ ਗ੍ਰਿਫਤਾਰ



ਟੋਰਾਂਟੋ, 11 ਦਸੰਬਰ (ਪੋਸਟ ਬਿਊਰੋ) : ਸ਼ਨਿੱਚਰਵਾਰ ਨੂੰ ਟੋਰਾਂਟੋ ਦੇ ਪੱਛਮੀ ਸਿਰੇ ਉੱਤੇ ਡਾਕਾ ਮਾਰਨ ਦੀ ਕੋਸ਼ਿਸ਼ ਕਰਨ ਵਾਲੇ ਚਾਰ ਵਿਅਕਤੀਆਂ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ।

ਡਾਕੇ ਦਰਮਿਆਨ 911 ਉੱਤੇ ਮਿਲੀ ਕਾਲ ਤੋਂ ਬਾਅਦ ਦੁਪਹਿਰੇ 2:15 ਦੇ ਨੇੜੇ ਤੇੜੇ ਬਲੂਅਰ ਸਟਰੀਟ ਵੈਸਟ ਤੇ ਸ਼ਾਅ ਸਟਰੀਟ ਉੱਤੇ ਪੁਲਿਸ ਪਹੁੰਚੀ। ਇੰਸਪੈਕਟਰ ਲੌਰੀ ਕ੍ਰੇਨਨਬਰਗ ਨੇ ਦੱਸਿਆ ਕਿ ਚਾਰ ਮਸ਼ਕੂਕ ਸਟੋਰ ਵਿੱਚ ਪਹੁੰਚੇ ਤੇ ਇੱਕ ਵਿਅਕਤੀ ਕੋਲ ਹਥਿਆਰ ਸੀ। ਤਿੰਨ ਵਿਅਕਤੀਆਂ ਨੂੰ ਸਟੋਰ ਵਿੱਚੋਂ ਨਿਕਲਦੇ ਸਾਰ ਗ੍ਰਿਫਤਾਰ ਕਰ ਲਿਆ ਗਿਆ ਤੇ ਇੱਕ ਨੇ ਭੱਜਣ ਦੀ ਨਾਕਾਮਯਾਬ ਕੋਸ਼ਿਸ਼ ਕੀਤੀ ਪਰ ਉਸ ਨੂੰ ਵੀ ਜਲਦ ਹੀ ਲੋਕੇਟ ਕਰ ਲਿਆ ਗਿਆ। ਚਾਰਾਂ ਮਸ਼ਕੂਕਾਂ ਦੀ ਗ੍ਰਿਫਤਾਰੀ ਹੋ ਚੁੱਕੀ ਹੈ। ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ।

ਜਿੱਥੇ ਇਹ ਡਾਕਾ ਮਾਰਨ ਦੀ ਕੋਸ਼ਿਸ਼ ਕੀਤੀ ਗਈ ਉੱਥੇ ਸੋਨੇ ਤੇ ਚਾਂਦੀ ਦੀਆਂ ਬਾਰਜ਼ ਨਾਲ ਭਰਿਆ ਇੱਕ ਡਫਲ ਬੈਗ ਸਟੋਰ ਦੇ ਬਾਹਰ ਡਿੱਗ ਕੇ ਖਿੱਲਰ ਗਿਆ। ਕ੍ਰੇਨਨਬਰਗ ਨੇ ਆਖਿਆ ਕਿ ਇਹ ਡਾਕਾ ਸੋਨਾ ਚੋਰੀ ਕਰਨ ਦੇ ਇਰਾਦੇ ਨਾਲ ਮਾਰਿਆ ਗਿਆ ਹੋਵੇਗਾ। ਯੌਰਕ ਰੀਜਨਲ ਪੁਲਿਸ ਨੇ ਬਾਅਦ ਵਿੱਚ ਪੁਸ਼ਟੀ ਕੀਤੀ ਕਿ ਇਨ੍ਹਾਂ ਚਾਰਾਂ ਨੂੰ ਗ੍ਰਿਫਤਾਰ ਕਰਨ ਵਿੱਚ ਉਨ੍ਹਾਂ ਦੀ ਯੂਨਿਟ ਵੱਲੋਂ ਵੀ ਮਦਦ ਕੀਤੀ ਗਈ।

ਉਨ੍ਹਾਂ ਦੱਸਿਆ ਕਿ ਇਹ ਚਾਰੇ ਨਿਗਰਾਨੀ ਹੇਠ ਸਨ। ਕੁੱਝ ਸਮੇਂ ਪਹਿਲਾਂ ਮਾਰੇ ਗਏ ਡਾਕਿਆਂ ਦੀ ਪੀਲ, ਟੋਰਾਂਟੋ ਤੇ ਯੌਰਕ ਪੁਲਿਸ ਵੱਲੋਂ ਸਾਂਝੇ ਤੌਰ ਉੱਤੇ ਜਾਂਚ ਕੀਤੀ ਜਾ ਰਹੀ ਸੀ ਤੇ ਇਹ ਗ੍ਰਿਫਤਾਰੀ ਸਾਂਝੇ ਯਤਨਾਂ ਦਾ ਹੀ ਨਤੀਜਾ ਹੈ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axcel InsuranceBrokers Ltd.
1332 Khalsa Dr, Unit # 11, Mississauga, ON L5S 0A2

INSURANCE
Home Auto
Business Trucking
Life Insurance Commercial
647-206-2452
Sukhwinder K Singh
CONEX
7050A Bramalea Rd, Unit # 13, Mississauga, ON L5S 1T1

HOME APPLIANCES STORE
ANNIVERSARY SPECIAL DEAL
PRICE $5199* NO TAX
UPGRADE LAUNDRY IN JUST $99*
KitchenAid moffat MAYTAG LG SAMSUNG Electrolux JENNAIR BOSCH Whirlpool
416-551-5553
WWW.OURRHOMEAPPLIANCES.COM

HELPING YOU PLAN TODAY...FOR TOMORROW
Supervisa / Visitor Insurance
Life / Mortgage/Funeral Insurance
Disability Insurance
Critical Illness Insurance
RESP / RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਪੰਜਾਬ ਸਰਕਾਰ ਲੁਧਿਆਣਾ ਦੇ ਸੁੰਦਰੀਕਰਨ ਲਈ ਵਿਕਾਸ ਕਾਰਜਾਂ 'ਤੇ ਖਰਚ ਕਰੇਗੀ ਤਕਰੀਬਨ 42.37 ਕਰੋੜ ਰੁਪਏ : ਡਾ. ਨਿੱਜਰ

## ਲੁਧਿਆਣਾ ਦੀ ਵੱਡੀ ਆਬਾਦੀ ਨੂੰ ਮਿਲੇਗਾ ਇਹਨਾਂ ਵਿਕਾਸ ਕਾਰਜਾਂ ਦਾ ਲਾਭ



ਚੰਡੀਗੜ੍ਹ, 11 ਦਸੰਬਰ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਿਨ-ਪ੍ਰਤੀ-ਦਿਨ ਸੂਬਾ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਅਤੇ ਪ੍ਰਦੂਸ਼ਣ ਰਹਿਤ/ਸਵੱਛ ਵਾਤਾਵਰਣ ਮੁਹੱਈਆ ਕਰਵਾਉਣ ਲਈ ਪੂਰੀ ਵਾਹ ਲਾ ਰਹੀ ਹੈ। ਜਿਸਦੇ ਸਨਮੁੱਖ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।

ਸਥਾਨਕ ਸਰਕਾਰਾਂ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਨੇ ਦੱਸਿਆ ਕਿ ਇਸ ਦਿਸ਼ਾ ਵਿੱਚ ਇੱਕ ਹੋਰ ਕਦਮ ਅੱਗੇ ਵਧਾਉਂਦਿਆਂ ਹੋਇਆ ਪੰਜਾਬ ਸਰਕਾਰ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਲੁਧਿਆਣਾ ਦੇ ਸੁੰਦਰੀਕਰਨ ਲਈ ਵਿਕਾਸ ਕਾਰਜਾਂ 'ਤੇ ਤਕਰੀਬਨ 42.37 ਕਰੋੜ ਰੁਪਏ ਖਰਚਣ ਦਾ ਫੈਸਲਾ ਲਿਆ ਗਿਆ ਹੈ। ਇਸ ਸਬੰਧੀ ਵਿਭਾਗ ਵੱਲੋਂ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਹੋਰ ਵੇਰਵੇ ਦਿੰਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਨੇ ਦੱਸਿਆ ਕਿ ਮਿਉਂਸੀਪਲ ਸਾਲਿਡ ਵੇਸਟ ਦੀ ਢੋਆ-ਢੁਆਈ ਲਈ ਸੈਕੰਡਰੀ ਸਟੋਰੇਜ ਅਤੇ ਹੁੱਕ ਲੋਡਰਾਂ ਲਈ ਪੋਰਟੇਬਲ ਕੰਪੈਕਟਰਾਂ ਦੀ ਸਪਲਾਈ, ਸਥਾਪਨਾ, ਟੈਸਟਿੰਗ ਅਤੇ ਚਾਲੂ ਕਰਨ ਲਈ ਤਕਰੀਬਨ 27.67 ਕਰੋੜ ਰੁਪਏ ਖਰਚੇ ਜਾਣਗੇ,ਜਿਸ ਵਿੱਚ ਸੰਚਾਲਨ ਅਤੇ ਰੱਖ-ਰਖਾਅ ਦਾ ਕੰਮ ਵੀ ਸ਼ਾਮਲ ਹੋਵੇਗਾ।

ਇਸ ਤੋਂ ਇਲਾਵਾ ਗੁਰਦੁਆਰਾ ਗੁਰੂ ਅਰਜਨ ਦੇਵ ਜੀ ਤੋਂ ਲੋਹਾਰਾ ਪੁਲ ਤੱਕ ਸਿੱਧਵਾਂ ਨਹਿਰ ਦੇ ਨਾਲ-ਨਾਲ ਫੁਟਪਾਥ ਅਤੇ ਚਾਰਦੀਵਾਰੀ ਦੇ ਨਿਰਮਾਣ ਲਈ ਤਕਰੀਬਨ 2.30 ਕਰੋੜ ਰੁਪਏ ਖਰਚ ਕੀਤੇ ਜਾਣਗੇ।

ਮੰਤਰੀ ਨੇ ਦੱਸਿਆ ਕਿ ਇਸ ਤੋਂ ਇਲਾਵਾ ਗੁਰੂ ਨਾਨਕ ਸਟੇਡੀਅਮ, ਲੁਧਿਆਣਾ ਵਿਖੇ ਗਲੋਬਲ ਕੈਟਾਗਰੀ ਐਥਲੈਟਿਕ ਟ੍ਰੈਕ ਨੂੰ ਰੀਲੇਅ ਕਰਨ ਲਈ ਤਕਰੀਬਨ 7.75 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸ ਦੇ ਨਾਲ ਹੀ ਈਸਟਮੈਨ ਚੌਕ ਤੋਂ ਪਿੰਡ ਕੰਗਣਵਾਲ (ਦੋਵੇਂ ਪਾਸੇ) 60 ਐਮ.ਐਮ ਟਾਈਲਾਂ ਪ੍ਰਦਾਨ ਕਰਨ ਅਤੇ ਲਗਾਉਣ ਦਾ ਕੰਮ ਵੀ ਕੀਤਾ ਜਾਵੇਗਾ, ਜਿਸ 'ਤੇ ਤਕਰੀਬਨ 1.76 ਕਰੋੜ ਰੁਪਏ ਖਰਚ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਹੀ ਲੁਧਿਆਣਾ ਦੇ ਜੈਮਲ ਸਿੰਘ ਰੋਡ 'ਤੇ ਬਸੰਤ ਪਾਰਕ ਤੋਂ ਗਲੀ ਨੰ. 23 ਤੱਕ ਆਰ.ਸੀ.ਸੀ ਸੜਕ ਦੇ ਨਿਰਮਾਣ ਲਈ ਤਕਰੀਬਨ 1.42 ਕਰੋੜ ਰੁਪਏ ਖਰਚ ਕੀਤੇ ਜਾਣਗੇ ਅਤੇ ਵਾਰਡ ਨੰ.2 ਵਿੱਚ ਸ਼ਹੀਦ ਭਗਤ ਸਿੰਘ ਜੀ ਗੇਟ ਦੀ ਉਸਾਰੀ ਲਈ ਤਕਰੀਬਨ 11.65 ਲੱਖ ਰੁਪਏ ਖਰਚ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਹੋਰ ਕੰਮਾਂ ਲਈ ਤਕਰੀਬਨ 1.37 ਕਰੋੜ ਰੁਪਏ ਖਰਚ ਕੀਤੇ ਜਾਣਗੇ।

ਕੈਬਨਿਟ ਮੰਤਰੀ ਡਾ: ਇੰਦਰਬੀਰ ਸਿੰਘ ਨੇ ਕਿਹਾ ਕਿ ਮਾਨ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਸੂਬੇ ਦੇ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਅਤੇ ਸਾਫ਼-ਸੁਥਰਾ ਵਾਤਾਵਰਨ ਮੁਹੱਈਆ ਕਰਵਾਉਣਾ ਹੈ।

ਮੰਤਰੀ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਉਦੇਸ਼ ਸੂਬੇ ਦੇ ਲੋਕਾਂ ਨੂੰ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣਾ ਹੈ, ਇਸ ਲਈ ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਭ੍ਰਿਸ਼ਟਾਚਾਰ ਕਰਦਾ ਫੜਿਆ ਜਾਂਦਾ ਹੈ ਤਾਂ ਉਸ ਨੂੰ ਕਿਸੇ ਵੀ ਹਾਲਤ ਵਿਚ ਬਖਸ਼ਿਆ ਨਹੀਂ ਜਾਵੇਗਾ।

ਮੰਤਰੀ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਵਿਭਾਗ ਦੇ ਕੰਮਾਂ ਵਿੱਚ ਪਾਰਦਰਸ਼ਤਾ ਅਤੇ ਗੁਣਵੱਤਾ ਲਿਆਉਣਾ ਯਕੀਨੀ ਬਣਾਉਣ।

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤ ਨੂੰ ਜਾਣਕਾਰੀ ਦੇਣ ਲਈ ਇਕ ਹੋਰ ਕੇਂਦਰ ਸਥਾਪਤ

ਅੰਮ੍ਰਿਤਸਰ, 11 ਦਸੰਬਰ (ਗਿਆਨ ਸਿੰਘ): ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜਦੀ ਸੰਗਤ ਨੂੰ ਲੋੜੀਂਦੀ ਜਾਣਕਾਰੀ ਦੇਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਗੁਰੂ ਰਾਮਦਾਸ ਸਰਾਂ ਨਜ਼ਦੀਕ ਇਕ ਹੋਰ ਪੁੱਛਗਿਛ ਕੇਂਦਰ ਸਥਾਪਤ ਕੀਤਾ ਹੈ। ਇਸ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਪਲਾਜ਼ਾ ਵਿਖੇ ਇਕ ਸਹਾਇਤਾ ਕੇਂਦਰ ਕਾਰਜਸ਼ੀਲ ਹੈ। ਇਹ ਦੋਵੇਂ ਕੇਂਦਰ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਸੂਚਨਾ ਕੇਂਦਰ ਨਾਲ ਜੋੜੇ ਗਏ ਹਨ। ਨਵੇਂ ਕਾਰਜਸ਼ੀਲ ਕੀਤੇ ਗਏ ਪੁੱਛਗਿਛ ਕੇਂਦਰ ਦਾ ਉਦਘਾਟਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਰਦਾਸ ਉਪਰੰਤ ਕੀਤਾ। ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿ-ਮੰਦਰ ਸਾਹਿਬ ਵਿਖੇ ਵੱਡੀ ਗਿਣਤੀ ਵਿਚ ਪੁੱਜਦੀ ਦੇਸ਼ ਵਿਦੇਸ਼ ਦੀ ਸੰਗਤ ਨੂੰ ਲੋੜੀਂਦੀ ਜਾਣਕਾਰੀ ਦੇਣ ਵਾਲੇ ਕੇਂਦਰ ਸਥਾਪਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਤੋਂ ਬਾਹਰਲੇ ਸੂਬਿਆਂ ਦੀਆਂ ਸੰਗਤਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਇਤਿਹਾਸ ਅਤੇ ਇਥੇ ਸਥਿਤ ਅਸਥਾਨਾਂ, ਸਰਾਵਾਂ ਤੇ ਲੰਗਰ ਆਦਿ ਬਾਰੇ ਜਾਣਕਾਰੀ ਇਨ੍ਹਾਂ ਕੇਂਦਰਾਂ ਰਾਹੀਂ ਦਿੱਤੀ ਜਾਵੇਗੀ। ਇਥੇ ਸਿੱਖੀ ਨਾਲ ਸਬੰਧਤ ਵੱਖ-ਵੱਖ ਭਾਸ਼ਾਵਾਂ ਦਾ ਸਾਹਿਤ ਵੀ ਸੰਗਤ ਨੂੰ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਭਾਵੇਂ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਸੂਚਨਾ ਕੇਂਦਰ ਵਿਖੇ ਸੂਚਨਾ ਅਫ਼ਸਰ ਤੇ ਗਾਈਡ ਨਿਰੰਤਰ ਸੇਵਾਵਾਂ ਦੇ ਰਹੇ ਹਨ, ਪਰੰਤੂ ਵੱਖ-ਵੱਖ ਪਾਸਿਆਂ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਵੇਸ਼ ਕਰਨ ਵਾਲੀ ਸੰਗਤ ਲਈ ਇਹ ਸਹਾਇਤਾ ਕੇਂਦਰ ਫਾਇਦੇਮੰਦ ਸਾਬਤ ਹੋਣਗੇ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਬਾਵਾ ਸਿੰਘ ਗੁਮਾਨ-ਪੁਰਾ, ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਹਰਜਾਪ ਸਿੰਘ ਸੁਲਤਾਨਵਿੰਡ, ਬਾਬਾ ਚਰਨਜੀਤ ਸਿੰਘ ਜੱਸੋਵਾਲ, ਸਕੱਤਰ ਪ੍ਰਤਾਪ ਸਿੰਘ, ਓਐਸਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਕੁਲਵਿੰਦਰ ਸਿੰਘ ਰਮਦਾਸ, ਸਗੁਰਿੰਦਰ ਸਿੰਘ ਮਥਰੇਵਾਲ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸਤਨਾਮ ਸਿੰਘ ਮਾਂਗਾਸਰਾਏ, ਮੀਤ ਸਕੱਤਰ ਗੁਰਚਰਨ ਸਿੰਘ ਕੁਹ-ਾਲਾ, ਪਰਮਜੀਤ ਸਿੰਘ ਹਰਿਆਣਾ, ਸਾਬਕਾ ਮੀਤ ਸਕੱਤਰ ਭਰਪੂਰ ਸਿੰਘ, ਸੁਪਰਡੈਂਟ ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਸ਼ਾਹਬਾਜ਼ ਸਿੰਘ, ਬਲਵਿੰਦਰ ਸਿੰਘ ਖੈਰਾਬਾਦ, ਗੁਰਨਾਮ ਸਿੰਘ, ਮਨਜੀਤ ਸਿੰਘ, ਅਜ਼ਾਦਦੀਪ ਸਿੰਘ, ਮੇਜਰ ਸਿੰਘ, ਮੈਨੇਜਰ ਸੁਖਰਾਜ ਸਿੰਘ, ਹਰਪ੍ਰੀਤ ਸਿੰਘ, ਜਗਤਾਰ ਸਿੰਘ, ਸਤਨਾਮ ਸਿੰਘ ਰਿਆੜ, ਨਰਿੰਦਰ ਸਿੰਘ, ਵਧੀਕ ਮੈਨੇਜਰ ਨਿਸ਼ਾਨ ਸਿੰਘ, ਗੁਰਪ੍ਰੀਤ ਸਿੰਘ, ਨਿਸ਼ਾਨ ਸਿੰਘ ਜੱਫਰਵਾਲ, ਮੀਤ ਮੈਨੇਜਰ ਗੁਰਤਿੰ-ਦਰਪਾਲ ਸਿੰਘ, ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਤੇ ਜਤਿੰਦਰਪਾਲ ਸਿੰਘ ਆਦਿ ਮੌਜੂਦ ਸਨ।




# ਰਾਜਾ ਵੜਿੰਗ ਨੇ ਕਿਹਾ: ਤਰਨਤਾਰਨ ਹਮਲਾ ਪੰਜਾਬ ਲਈ ਖ਼ਤਰੇ ਦੀ ਚਿਤਾਵਨੀ

ਚੰਡੀਗੜ੍ਹ, 11 ਦਸੰਬਰ (ਪੋਸਟ ਬਿਊਰੋ): ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਤਰਨਤਾਰਨ ਜ਼ਿਲ੍ਹੇ ਦੇ ਸਰਹਾਲੀ ਥਾਣੇ ‘ਤੇ ਹੋਏ ਆਰ.ਪੀ.ਜੀ ਹਮਲੇ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਹ ਸੂਬੇ ਲਈ ਖਤਰੇ ਦੀ ਚਿਤਾਵਨੀ ਹੈ ਅਤੇ ਇਸਨੇ ਪੰਜਾਬ ਨੂੰ ਇੱਕ ਵਾਰ ਫਿਰ ਕਾਲੇ ਦੌਰ ਦੀ ਯਾਦ ਦਿਵਾ ਦਿੱਤੀ ਹੈ।

ਵੜਿੰਗ ਨੇ ਕਿਹਾ ਕਿ ਪੰਜਾਬ ਲਈ ਇਹ ਆਖਰੀ ਚਿਤਾਵਨੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਪੰਜਾਬ ਸਰਕਾਰ ਆਪਣੀ ਗੂੜ੍ਹੀ ਨੀਂਦ ਤੋਂ ਜਾਗ ਕੇ ਸਥਿਤੀ ਦੀ ਗੰਭੀਰਤਾ ਨੂੰ ਸਮਝੇਗੀ। ਉਨ੍ਹਾਂ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਅਪਰਾਧਿਕ ਲਾਪਰਵਾਹੀ ਦੀ ਆਲੋਚਨਾ ਕੀਤੀ ਹੈ, ਜਿਸ ਕਾਰਨ ਪੰਜਾਬ ਦੀ ਅਮਨ ਸ਼ਾਂਤੀ ਨੂੰ ਭੰਗ ਕਰਨ ਵਾਲੀਆਂ ਤਾਕਤਾਂ ਨੂੰ ਕਾਨੂੰਨ ਦੇ ਡਰ ਤੋਂ ਬਿਨਾਂ ਆਪਣੇ ਨਾਪਾਕ ਮਨਸੂਬਿਆਂ ਨੂੰ ਅੰਜਾਮ ਦੇਣ ਦਾ ਮੌਕਾ ਮਿਲ ਰਿਹਾ ਹੈ।

ਵੜਿੰਗ ਨੇ ਕਿਹਾ ਕਿ ਇਨ੍ਹਾਂ ਹਾਲਾਤਾਂ ਲਈ ਆਪ ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ ਅਤੇ ਉਹ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’,
ਅਸੀਂ ਕਰਾਂਗੇ ‘ਹਾਂ’
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 300 ਸਾਲਾ ਜਨਮ 2023 ਵਿੱਚ, ਅੰਮ੍ਰਿਤਸਰ ਤੋਂ ਦਿੱਲੀ ਤੱਕ ਕੱਢਿਆ ਜਾਵੇਗਾ ਫਤਿਹ ਮਾਰਚ



ਦਿੱਲੀ, 11 ਦਸੰਬਰ (ਗਿਆਨ ਸਿੰਘ): ਪੰਜਾਬ ਤੋਂ ਅਮਰਜੀਤ ਸਿੰਘ ਕਲਸੀ ਦਿੱਲੀ ਰਾਮਗੜ੍ਹੀਆ ਬੋਰਡ ਦਫਤਰ ਵਿਖੇ ਪਹੁੰਚੇ, ਜਿਥੇ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ ਗਿਆ। ਇਸ ਮੌਕੇ ਆਉਣ ਵਾਲੇ 2023 ਵਿੱਚ ਮਹਾਰਾਜ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ 300 ਸਾਲਾ ਮਨਾਉਣ ਸੰਬੰਧੀ ਵਿਚਾਰਾਂ ਕੀਤੀਆਂ। ਜਤਿੰਦਰਪਾਲ ਸਿੰਘ ਗਾਗੀ ਪ੍ਰਧਾਨ ਰਾਮਗੜ੍ਹੀਆ ਬੋਰਡ ਦਿੱਲੀ, ਅਵਤਾਰ ਸਿੰਘ ਭੁਰਜੀ ਸੱਕਤਰ, ਕੇਵਲ ਸਿੰਘ ਗਲਸੀ ਵਾਇਸ ਚੇਅਰਮੈਨ,ਮਨਮੀਤ ਸਿੰਘ ਮੁਧੜ ਮੀਤ ਪ੍ਰਧਾਨ ,ਵੱਲੋਂ ਦਸਿਆ ਗਿਆ ਕਿ ਬੋਰਡ ਦਿੱਲੀ ਗੁਰਦੁ-ਆਰਾ ਪ੍ਰਬੰਧ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜਰਨਲ ਸਕੱਤਰ ਜਗਦੀਪ ਸਿੰਘ ਕਾਹਲੋ ਅਤੇ ਸਮੁਚੀ ਕਮੇਟੀ ਦੇ ਸਹਿਯੋਗ ਨਾਲ ਦਿੱਲੀ ਫਤਿਹ ਮਾਰਚ ਅੰਮ੍ਰਿਤਸਰ ਦਰਬਾਰ ਸਾਹਿਬ ਰਾਮਗੜ੍ਹੀਆ ਬੁੰਗਾ ਤੋਂ ਸੂਰੂ ਕਰਕੇ ਦਿੱਲੀ ਲਾਲ ਕਿੱਲੇ ਤੱਕ ਕੱਢਿਆ ਜਾ ਰਿਹਾ ਹੈ। ਜਿਸ ਵਿਚ ਪੰਜਾਬ ਤੋਂ ਰਾਮਗੜ੍ਹੀਆ ਬਰਾਦਰੀ ਦੇ ਸਾਥੀਆ ਦੇ ਸਹਿਯੋਗ ਦੀ ਲੋੜ ਹੈ। ਇਸ ਮੋਕੇ ਅਮਰਜੀਤ ਸਿੰਘ ਕਲਸੀ ਨੇ ਕਿਹਾ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਆਉਣ 300 ਸਾਲਾ ਸਮਾਗਮਾਂ ਵਿੱਚ ਜੋ ਵੀ ਸੇਵਾਵਾਂ ਬੋਰਡ ਵੱਲੋਂ ਲਗਾਈਆਂ ਜਾਣਗੀਆਂ ਉਸ ਵਿੱਚ ਪੂਰਨ ਸਹਿਯੋਗ ਦਿੱਤਾ ਜਾਵੇਗਾ। ਇਸ ਪ੍ਰੋਗਰਾਮ ਨੂੰ ਸਫਲ ਬਣਾਇਆ ਜਾਵੇਗਾ ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

# ਗੁਜਰਾਤ, ਹਿਮਾਚਲ ਅਤੇ ਦਿੱਲੀ ਨਗਰ ਨਿਗਮ ਦੀਆਂ ਚੋਣਾਂ ਤੋਂ ਬਾਅਦ

ਬੀਤੇ ਦਿਨੀਂ ਭਾਰਤ ਦੇ ਦੋ ਰਾਜਾਂ, ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਵੀ ਆ ਗਏ ਹਨ ਅਤੇ ਕਿਸੇ ਰਾਜ ਵਰਗੀ ਦਿੱਲੀ ਮਿਉਂਸਪਲ ਕਾਰਪੋਰੇਸ਼ਨ ਦਾ ਨਤੀਜਾ ਵੀ ਆ ਚੁੱਕਾ ਹੈ। ਪਹਿਲਾਂ ਦਿੱਲੀ ਵਾਲੀ ਨਗਰ ਨਿਗਮ ਦਾ ਨਤੀਜਾ ਆਇਆ, ਜਿਸ ਵਿੱਚ ਪੰਦਰਾਂ ਸਾਲਾਂ ਤੋਂ ਕਬਜ਼ਾ ਕਰੀ ਬੈਠੀ ਭਾਜਪਾ ਨੂੰ ਲਾਂਭੇ ਧੱਕ ਕੇ ਪਹਿਲੀ ਵਾਰ ਆਮ ਆਦਮੀ ਪਾਰਟੀ ਨੂੰ ਸ਼ਹਿਰ ਦੀ ਜ਼ਿਮੇਵਾਰੀ ਮਿਲੀ ਹੈ। ਹਿਮਾਚਲ ਪ੍ਰਦੇਸ਼ ਦੀ ਵਿਧਾਨ ਸਭਾ ਵਾਸਤੇ ਕੁੱਲ ਵੋਟਰ ਤਿਰਵੰਜਾ ਲੱਖ ਤੋਂ ਥੋੜ੍ਹੇ ਜਿਹੇ ਘੱਟ ਸਨ, ਪਰ ਦਿੱਲੀ ਨਗਰ ਨਿਗਮ ਦੇ ਵੋਟਰਾਂ ਦੀ ਗਿਣਤੀ ਇੱਕ ਕਰੋੜ ਪੰਜਤਾਲੀ ਲੱਖ ਤੋਂ ਵੱਧ ਹੋਣ ਕਾਰਨ ਉਹ ਆਪਣੇ ਆਪ ਵਿੱਚ ਇੱਕ ਪੂਰੇ ਰਾਜ ਵਰਗੀ ਗਿਣੀ ਜਾਂਦੀ ਹੈ। ਇੱਕ ਮੌਕੇ ਦਿੱਲੀ ਵਿੱਚ ਭਾਜਪਾ ਦੀ ਜਿੱਤ ਹੋਈ ਤੋਂ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਕਿਹਾ ਸੀ ਕਿ ਦਿੱਲੀ ਦੀ ਜਿੱਤ ਨੂੰ ਅਸਲ ਵਿੱਚ 'ਮਿੰਨੀ ਹਿੰਦੁਸਤਾਨ' ਦੀ ਜਿੱਤ ਕਹਿਣਾ ਚਾਹੀਦਾ ਹੈ, ਕਿਉਂਕਿ ਇਸ ਸ਼ਹਿਰ ਵਿੱਚ ਭਾਰਤ ਦੇ ਹਰ ਰਾਜ ਤੋਂ ਲੋਕ ਰਹਿੰਦੇਹਨ। ਇਸ ਲਈ ਜਦੋਂ ਦਿੱਲੀ ਸ਼ਹਿਰ ਦੀ ਜਿੱਤ ਹੋਈ ਤਾਂ ਆਮ ਆਦਮੀ ਪਾਰਟੀ ਦੇ ਆਗੂ ਅਟਲ ਬਿਹਾਰੀ ਵਾਜਪਾਈ ਦੇ ਸ਼ਬਦਾਂ ਵਾਲੀ ਜਿੱਤ ਹੀ ਮਹਿਸੂਸ ਕਰਦੇ ਤੇ ਕਾਫੀ ਜੋਸ਼ ਵਿੱਚ ਸਨ। ਅਗਲੇ ਦਿਨ ਆਏ ਹਿਮਾਚਲ ਪ੍ਰਦੇਸ਼ ਤੇ ਗੁਜਰਾਤ ਦੇ ਨਤੀਜਿਆਂ ਨੇ ਉਨ੍ਹਾਂ ਦੀ ਦਿੱਲੀ ਜਿੱਤਣ ਦੀ ਖੁਸ਼ੀ ਖਰਾਬ ਕਰ ਦਿਤੀ ਹੈ। ਹਿਮਾਚਲ ਪ੍ਰਦੇਸ਼ ਵਿੱਚ ਤਾਂ ਉਹ ਚੋਣ ਮੁਹਿੰਮ ਤੋਂ ਅਗੇਤੇ ਹੀ ਕੰਨੀ ਖਿਸਕਾ ਗਏ ਸਨ, ਗੁਜਰਾਤ ਵਿੱਚ ਉਨ੍ਹਾਂ ਨੂੰ ਵੱਡੀ ਆਸ ਸੀ ਤੇ ਇਸੇ ਕਾਰਨ ਓਥੇ ਸਰਕਾਰ ਬਣਾ ਲੈਣ ਦੇ ਦਾਅਵੇ ਵੀ ਕਰੀ ਜਾ ਰਹੇ ਸਨ, ਪਰ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਵਰਕਰਾਂ ਨੂੰ ਝਟਕਾ ਲੱਗਾ ਹੈ।

## ਹਿਮਾਚਲ ਵਿਚ ਅਗਨੀਵੀਰ ਸਕੀਮ ਅਤੇ ਸੇਬਾਂ ਵਾਲੇ ਕਿਸਾਨਾਂ ਨੇ ਹਵਾ ਦਾ ਰੁਖ ਬਦਲਿਆ





ਕਾਂਗਰਸ ਪਾਰਟੀ ਦਾਅਵੇ ਭਾਵੇਂ ਲੱਖ ਕਰਦੀ ਰਹੇ, ਅਸਲ ਵਿੱਚ ਉਸ ਨੂੰ ਨਾ ਗੁਜਰਾਤ ਵਿੱਚ ਜਿੱਤਣ ਵਾਲੀ ਆਸ ਸੀ ਤੇ ਨਾ ਹਿਮਾਚਲ ਪ੍ਰਦੇਸ਼ ਵਿੱਚ ਉਸ ਦੇ ਵਰਕਰਾਂ ਦਾ ਦਿਲ ਧੀਰਜ ਧਰਦਾ ਸੀ। ਕਿਸੇ ਯੋਗ ਅਗਵਾਈ ਤੋਂ ਸੱਖਣੀ ਇਹ ਪਾਰਟੀ ਜਿੰਨੀ ਵੱਡੀ ਚਿੰਤਾ ਵਿੱਚ ਸੀ, ਉਸ ਦੀ ਰਕੀਬ ਭਾਜਪਾ ਦੇ ਆਗੂ ਇਹ ਦਾਅਵਾ ਕਰਨੋਂ ਨਹੀਂ ਸੀ ਹਟਦੇ ਕਿ ਇਸ ਰਾਜ ਦੀ ਹਰ ਵਾਰੀ ਸਰਕਾਰ ਬਦਲਣ ਦੀ ਰਿਵ-ਾਇਤ ਤੋੜ ਕੇ ਉਹ ਲਗਾਤਾਰ ਦੂਸਰੀ ਵਾਰੀ ਸਰਕਾਰ ਬਣਾਉਣਗੇ। ਜਦੋਂ ਮਸਾਂ ਦੋ ਦਿਨ ਵੋਟਾਂ ਪੈਣ ਵਿੱਚ ਰਹਿ ਗਏ ਤਾਂ ਅਚਾਨਕ ਹਵਾ ਦਾ ਰੁਖ ਬਦ-ਲਆ ਤੇ ਭਾਰਤ ਸਰਕਾਰ ਵੱਲੋਂ ਚਲਾਈ ਗਈ ਫੌਜ ਦੇ ਅਗਨੀਵੀਰ ਜਵਾਨਾਂ ਦੀ ਸਕੀਮ ਦੀ ਕੌੜ ਉੱਭਰ ਪਈ। ਛੋਟਾ ਜਿਹਾ ਰਾਜ ਹੋਣ ਦੇ ਬਾਵਜੂਦ ਹਿਮਾਚਲ ਪ੍ਰਦੇਸ਼ ਤੋਂ ਬਹੁਤ ਵੱਡੀ ਗਿਣਤੀ ਲੋਕ ਫੌਜ ਦੀ ਸੇਵਾ ਕਰਦੇ ਹਨ ਤੇ ਦੇਸ਼ ਲਈ ਜਾਨਾਂ ਵਾਰਨ ਵਾਲਿਆਂ ਵਿੱਚ ਵੀ ਬੜੀ ਵੱਡੀ ਗਿਣਤੀ ਇਸ ਰਾਜ ਦੇ ਫੌਜੀਆਂ ਦੀ ਹੈ। ਇਹੀ ਨਹੀਂ, ਭਾਰਤੀ ਫੌਜ ਦੇ ਜਰਨੈਲਾਂ ਤੇ ਸੇਵਾ ਮੁਕਤ ਜਰਨੈਲਾਂ ਵਿੱਚ ਵੀ ਬਹੁਤ ਸਾਰੇ ਇਸ ਰਾਜ ਵਿੱਚੋਂ ਹਨ ਅਤੇ ਉਹ ਅਗਨੀਵੀਰ ਸਕੀਮ ਨੂੰ ਭਵਿੱਖ ਦੇ ਫੌਜੀ ਬਣਨ ਵਾਲੇ ਨੌਜਵਾਨਾਂ ਲਈ ਗਲਤ ਸਮਝਦੇ ਹੋਣ ਕਰ ਕੇ ਇਸ ਦੇ ਖਿਲਾਫ ਸਨ। ਦੂਸਰਾ ਸੇਬਾਂ ਵਾਲੇ ਕਿਸਾਨ ਭਾਜਪਾ ਰਾਜ ਵਿੱਚ ਬੁਰੀ ਤਰ੍ਹਾਂ ਲੁੱਟੇ ਗਏ ਸ ਨ । ਇਨ੍ਹਾਂ ਦੋਂਹ ਅਹਿਮ ਪੱਖਾਂ ਦਾ ਨਾਂਹ-ਪੱਖੀ ਅਸਰ ਭਾਜਪਾ ਲੀਡਰਸ਼ਿਪ ਨੇ ਕਦੀ ਸੋਚਿਆ ਤੱਕ ਨਹੀਂ ਸੀ ਤੇ ਜਦੋਂ ਅਚਾਨਕ ਇਹ ਅਸਰ ਸਾਹਮਣੇ ਆਇਆ, ਓਦੋਂ ਵਿਗੜੀ ਹੋਈ ਗੱਲ ਸੁਧਾਰਨ ਦਾ ਸਮਾਂ ਨਾ ਹੋਣ ਕਾਰਨ ਭਾਜਪਾ ਮਾਰ ਖਾ ਗਈ ਹੈ।



ਜਤਿੰਦਰ ਪਨੂੰ ਦੀ ਕਲਮ ਤੋਂ

ਇਹ ਗੱਲ ਸਾਨੂੰ ਇਸ ਲਈ ਕਹਿਣੀ ਪਈ ਹੈ ਕਿ ਪੰਜਾਬ ਦੀ ਅਜੋਕੀ ਸਰਕਾਰ ਬਣਨ ਤੋਂ ਨੌਂ ਮਹੀਨੇ ਚੱਲਣ ਤੱਕ ਹਰ ਗੱਲ ਵਿੱਚ ਇਹ ਸੁਣਿਆ ਜਾਂਦਾ ਹੈ ਕਿ ਦਿੱਲੀ ਵਿੱਚ ਅਸੀਂ ਆਹ ਕੀਤਾ ਸੀ ਅਤੇ ਪੰਜਾਬ ਵਿੱਚ ਕਰਾਂਗੇ। ਪਿਛਲੇ ਸਮੇਂ ਵਿੱਚ ਜਿੰਨੀ ਲੋੜ ਸੀ, ਉਹ ਮਿਸਾਲਾਂ ਵਰਤ ਲੈਣ ਵਿੱਚ ਹਰਜ ਨਹੀਂ ਸੀ, ਪਰ ਇਹ ਲੁਕਮਾਨ ਹਕੀਮ ਦਾ ਫਾਰਮੂਲਾ ਨਹੀਂ ਹੈ, ਏਸੇ ਲਈ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਦੋਵਾਂ ਥਾਂਵਾਂ ਦੇ ਵੋਟਰਾਂ ਨੇ ਇਸ ਦਾ ਹੁੰਗਾਰਾ ਨਹੀਂ ਭਰਿਆ। ਇਹੋ ਗੱਲ ਨੋਟ ਕਰ ਕੇ ਪੰਜਾਬ ਦੀ ਸਰਕਾਰ ਨੂੰ ਚੱਲਣਾ ਪਵੇਗਾ ਅਤੇ ਏਥੋਂ ਦੇ ਲੋਕਾਂ ਵਿੱਚ ਜਿਹੜੇ ਰੋਸ ਉਪਜਦੇ ਜਾਂ ਵਧੀ ਜਾ ਰਹੇ ਹਨ, ਉਨ੍ਹਾਂ ਵੱਲ ਧਿਆਨ ਦੇ ਕੇ ਹਾਲਾਤ ਦੇ ਮੁਤਾਬਕ ਕਦਮ ਚੁੱਕ ਕੇ ਪਿਛਲੀ ਕਸਰ ਕੱਢਣੀ ਹੋਵੇਗੀ। ਖਾਸ ਗੱਲ ਇਸ ਵਿੱਚ ਇਹ ਹੈ ਕਿ ਆਮ ਆਦਮੀ ਪਾਰਟੀ ਦੇ ਕੁਝ ਵਿਧਾਇਕਾਂ ਅਤੇ ਜ਼ਿਲਾ ਪੱਧਰ ਦੇ ਆਗੂਆਂ ਦੇ ਬਾਅਦ ਆਮ ਵਰਕਰਾਂ ਵਿੱਚ ਵੀ ਜਿਹੜੇ ਕਾਂਗਰਸੀਆਂ ਅਤੇ ਅਕਾਲੀਆਂ ਵਾਲੇ ਰੁਝਾਨ ਦਿੱਸਣੇ ਸ਼ੁਰੂ ਹੋ ਗਏ ਹਨ, ਹਰ ਕਿਸੇ ਨਾਲ ਆਢਾ ਲਾਈ ਰੱਖਣ ਤੇ ਆਪਣੀ ਸਰਕਾਰ ਦੇ ਦਾਬੇ ਮਾਰਨ ਦਾ ਇਹ ਕੰਮ ਰੋਕਣਾ ਹੋਵੇਗਾ। ਸਰਕਾਰੀ ਦਫਤਰਾਂ ਅਤੇ ਅਫਸਰਾਂ ਨਾਲ ਵੀ ਮੰਤਰੀ ਗੱਲ ਕਰਨ ਜਾਂ ਵਿਧਾਇਕ, ਜੇ ਵਿਧਾਇਕਾਂ ਦੇ ਪਰਵਾਰਾਂ ਦੇ ਜੀਅ ਅਤੇ ਉਨ੍ਹਾਂ ਨਾਲ ਜੁੜੇ ਹੋਏ ਦੁੱਕੜ-ਤਿੱਕੜ ਵੀ ਆਪਣੇ ਆਪ ਨੂੰ ਵਿਧਾਇਕ ਸਮਝਦੇ ਅਤੇ ਓਦਾਂ ਦੀ ਹਕੂਮਤੀ ਬੋਲੀ ਬੋਲਦੇ ਹਨ ਤਾਂ ਮੁਸ਼ਕਲਾਂ ਇਸ ਸਰਕਾਰ ਲਈ ਵਧਣਗੀਆਂ। ਸਰਕਾਰ ਦਾ ਮੁਖੀ ਇਸ ਨੂੰ ਮਹਿਸੂਸ ਕਰੇ ਜਾਂ ਨਾ ਕਰੇ, ਆਮ ਲੋਕ ਇਸ ਬਾਰੇ ਸੱਥਾਂ ਵਿੱਚ ਚਰਚਾ ਕਰਦੇ ਸੁਣੇ ਜਾਣ ਲੱਗ ਪਏ ਹਨ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ 'ਆਵਾਜ਼ੇ ਖਲਕਤ, ਨਗਾਰਾ-ਇ-ਖੁਦਾ' ਵਾਲਾ ਮੁਹਾਵਰਾ ਵੀ ਜ਼ਰੂਰ ਪਤਾ ਹੋਵੇਗਾ। ਅੱਗੋਂ ਉਸ ਨੇ ਕੀ ਕਰਨਾ ਹੈ, ਜ਼ਿਮੇਵਾਰੀ ਵੀ ਉਸ ਦੀ ਹੈ ਅਤੇ ਮਰਜ਼ੀ ਵੀ।

## ਗੁਜਰਾਤ ਵਿਚ ਜਿੱਤ ਦਾ ਇੱਕ ਕਾਰਨ ਹਿੰਦੂਤੱਵ ਦਾ ਉਭਾਰ ਵੀ

ਗੁਜਰਾਤ ਵਿੱਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੋਵੇਂ ਲੱਖ ਬਹਾਨੇ ਬਣਾਉਣ, ਅਸਲ ਵਿੱਚ ਇਹ ਮੰਨਣ ਦੀ ਲੋੜ ਹੈ ਕਿ ਓਥੇ ਭਾਜਪਾ ਦੀ ਪਕੜ ਪਹਿਲਾਂ ਨਾਲੋਂ ਵੱਧ ਮਜ਼ਬੂਤ ਹੋਈ ਹੈ, ਜਿਸ ਦੇ ਕਈ ਕਾਰਨਾਂ ਵਿੱਚੋਂ ਇੱਕ ਹਿੰਦੂਤੱਵ ਦਾ ਉਭਾਰ ਵੀ ਹੈ। ਕੁਝ ਲੋਕਾਂ ਦਾ ਖਿਆਲ ਹੈ ਕਿ ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਭੇੜ ਵਿੱਚ ਸੈਕੂਲਰ ਵੋਟਾਂ ਵੰਡੇ ਜਾਣ ਨਾਲ ਭਾਜਪਾ ਵੱਡੀ ਗਿਣਤੀ ਸੀਟਾਂ ਜਿੱਤਣ ਵਿੱਚ ਸਫਲ ਰਹੀ ਹੈ, ਪਰ ਇਹ ਗੱਲ ਠੀਕ ਨਹੀਂ। ਕਾਂਗਰਸ ਅਤੇ ਆਮ ਆਦਮੀ ਪਾਰਟੀ ਜਿਨ੍ਹਾਂ ਹਲਕਿਆਂ ਵਿੱਚ ਆਹਮੋ ਸਾਹਮਣੇ ਭਿੜੀਆਂ ਅਤੇ ਉਨ੍ਹਾਂ ਦੋਵਾਂ ਦੀਆਂ ਵੋਟਾਂ ਮਿਲਾ ਕੇ ਭਾਜਪਾ ਦੇ ਜੇਤੂ ਉਮੀਦਵਾਰ ਨਾਲੋਂ ਵੱਧ ਹਨ, ਉਹ ਮਸਾਂ ਪੈਂਤੀ ਸੀਟਾਂ ਬਣਦੀਆਂ ਹਨ। ਭਾਜਪਾ ਨੂੰ ਇੱਕ ਸੌ ਛਪੰਜਾ ਸੀਟਾਂ ਮਿਲੀਆਂ ਹਨ, ਜੇ ਕਾਂਗਰਸ ਤੇ ਆਮ ਆਦਮੀ ਪਾਰਟੀ ਦੀਆਂ ਮਿਲਾ ਕੇ ਵਧਣ ਵਾਲੀਆਂ ਇਹ ਪੈਂਤੀ ਸੀਟਾਂ ਇੱਕੋ ਜਗ੍ਹਾ ਪੈ ਜਾਂਦੀਆਂ ਤਾਂ ਭਾਜਪਾ ਦੀਆਂ ਜੇਤੂ ਸੀਟਾਂ ਪੈਂਤੀ ਘਟਣੀਆਂ ਸਨ ਤੇ ਫਿਰ ਵੀ ਇੱਕ ਸੌ ਇੱਕੀ ਬਣਨੀਆਂ ਸਨ, ਕਿਸੇ ਵੀ ਹੋਰ ਪਾਰਟੀ ਨੇ ਉਸ ਦੇ ਨੇੜੇ ਨਹੀਂ ਸੀ ਪੁੱਜ ਸਕਣਾ। ਓਥੇ ਭਾਜਪਾ ਦੀ ਪਕੜ ਕਿਸੇ ਨੂੰ ਚੰਗੀ ਲੱਗੇ ਜਾਂ ਨਾ, ਪਰ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਓਥੇ ਕਈ ਹਲਕਿਆਂ ਵਿੱਚ ਸੱਤਰ ਫੀਸਦੀ ਤੋਂ ਵੱਧ ਵੋਟਾਂ ਭਾਜਪਾ ਦੇ ਉਮੀਦਵਾਰਾਂ ਲਈ ਪਈਆਂ ਹਨ। ਦੋ ਹਲਕਿਆਂ ਵਿੱਚ ਤਾਂ ਕੁੱਲ ਪੋਲ ਹੋਈਆਂ ਵੋਟਾਂ ਦਾ ਇਕਾਸੀ ਤੇ ਬਿਆਸੀ ਫੀਸਦੀ ਹਿੱਸਾ ਵੀ ਭਾਜਪਾ ਦੇ ਉਮੀਦਵਾਰਾਂ ਵੱਲ ਭੁਗਤਿਆ ਹੈ ਤਾਂ ਇਸ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਫਿਰਕੂ ਕਤਾਰਬੰਦੀ ਉਸ ਰਾਜ ਵਿੱਚ ਚੋਖੀ ਹੈ, ਇਸ ਕਾਰਨ ਹਿੰਦੂਤੱਵ ਦੀ ਲੈਬਾਰਟਰੀ ਕਿਹਾ ਜਾਂਦਾ ਉਹ ਰਾਜ ਇੱਕ ਵਾਰ ਫਿਰ ਭਾਜਪਾ ਨੇ ਜਿੱਤ ਲਿਆ ਹੈ।

## ਜਿੱਤ ਤੇ ਹਾਰ ਤੋਂ ਬਾਅਦਹਰ ਪਾਰਟੀ ਨੂੰ ਅੱਗੇ ਵੱਲ ਵੇਖਣ ਦੀ ਫੌਰੀ ਲੋੜ

ਜੋ ਵੀ ਹੋਇਆ ਹੋਵੇ, ਇਹ ਚੋਣਾਂ ਅਤੇ ਇਨ੍ਹਾਂ ਨਾਲ ਜੁੜੀ ਹੋਈ ਜਿੱਤ ਤੇ ਹਾਰ ਅਤੇ ਇਸ ਨਾਲ ਜੁੜੇ ਵਿਸ਼ਲੇਸ਼ਣਾਂ ਦੇ ਨਾਲ ਹਰ ਪਾਰਟੀ ਨੂੰ ਅੱਗੇ ਵੱਲ ਵੇਖਣਾ ਸ਼ੁਰੂ ਕਰਨ ਦੀ ਫੌਰੀ ਲੋੜ ਹੈ। ਵਿਧਾਨ ਸਭਾ ਚੋਣਾਂ ਦਾ ਅਗਲਾ ਦੌਰ ਅਗਲੇ ਸਾਲ ਮਾਰਚ ਮਹੀਨੇ ਵਿੱਚ ਆਉਣਾ ਹੈ ਅਤੇ ਉਨ੍ਹਾਂ ਚੋਣਾਂ ਵਾਲੇ ਰਾਜਾਂ ਵਿੱਚ ਆਮ ਆਦਮੀ ਪਾਰਟੀ ਕਿਸੇ ਲੇਖੇ ਵਿੱਚ ਨਹੀਂ ਜਾਪਦੀ। ਇਸ ਲਈ ਭਾਜਪਾ ਅਤੇ ਇਸ ਦੀ ਕੇਂਦਰ ਸਰਕਾਰ ਨਾਲ ਚੱਲਦਾ ਨਿੱਤ ਦਾ ਆਢਾ ਕੁਝ ਸਮਾਂ ਟਾਲ ਕੇ ਦਿੱਲੀ ਵਿੱਚ ਵੀ ਅਤੇ ਪੰਜਾਬ ਵਿੱਚ ਵੀ ਵਿਕਾਸ ਦੇ ਕੰਮ ਕਰਨ ਲਈ ਸਹਿਯੋਗ ਦੀ ਨੀਤੀ ਸੋਚਣੀ ਚਾਹੀਦੀ ਹੈ। ਬੀਤੇ ਸਮੇਂ ਵਿੱਚ ਜਿਸ ਟਕਰਾਅ ਨੇ ਬਹੁਤਾ ਫਾਇਦਾ ਨਹੀਂ ਕੀਤਾ, ਭਵਿੱਖ ਵਿੱਚ ਵੀ ਹਰ ਵੇਲੇ ਉਸੇ ਤਰ੍ਹਾਂ ਆਢਾ ਲਾਉਣ ਦਾ ਕੋਈ ਲਾਭਨਹੀਂ ਹੋਣਾ। ਸਿਆਣੇ ਕਹਿੰਦੇ ਹਨ ਕਿ ਤੁਸੀਂ ਦੋਸਤ ਤਾਂ ਮਰਜ਼ੀ ਦੇ ਚੁਣ ਸਕਦੇ ਹੋ, ਗਵਾਂਢੀ ਕਦੇ ਮਰਜ਼ੀ ਦਾ ਨਹੀਂ ਚੁਣ ਸਕਦੇ, ਜਿਹੜਾ ਮਿਲ ਜਾਂਦਾ ਹੈ, ਚਾਹੁੰਦੇ ਹੋਏ ਜਾਂ ਨਾ ਚਾਹੁੰਦੇ ਹੋਏ ਉਸ ਨਾਲ ਦਿਨ ਕੱਟਣ ਦਾ ਮਾਹੌਲ ਬਣਾਉਣਾ ਪੈਂਦਾ ਹੈ। ਗਵਾਂਢ ਹਰਿਆਣੇ ਦੀ ਭਾਜਪਾ ਸਰਕਾਰ ਜਾਂ ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਸਰਕਾਰਹੋਵੇ, ਉਸ ਨੂੰ ਆਮ ਆਦਮੀ ਪਾਰਟੀ ਸੋਚ ਦੇ ਘੋੜੇ ਦੌੜਾ ਕੇ ਨਹੀਂ ਪਛਾੜ ਸਕਦੀ, ਵਿਕਾਸ ਦੇ ਕੰਮਾਂ ਰਾਹੀਂਲੋਕਾਂ ਨਾਲ ਆਪਣੀ ਸਾਂਝ ਪਕੇਰੀ ਕਰ ਕੇ ਆਪਣਾ ਆਧਾਰ ਮਜ਼ਬੂਤ ਕਰਨਾ ਪਵੇਗਾ। ਅਗਲੀਆਂ ਪਾਰਲੀਮੈਂਟ ਚੋਣਾਂ ਹੋਣ ਵਿੱਚ ਮਸਾਂ ਡੇਢ ਸਾਲ ਬਾਕੀ ਰਹਿ ਗਿਆ ਹੈ, ਜੇ ਉਸ ਵੇਲੇ ਭੁਆਂਟਣੀ ਨਹੀਂ ਖਾਣੀ ਤਾਂ ਨਿੱਤ ਦੇ ਕਲੇਸ਼ ਦਾ ਸੁਭਾਅ ਵੀ ਛੱਡਣਾ ਪਵੇਗਾ। ਦਿੱਲੀ ਦੇ ਨਿੱਤ ਦੇ ਕਲੇਸ਼ ਵਿੱਚ ਆਮ ਆਦਮੀ ਪਾਰਟੀ ਦੀ ਸਾਖ ਵਧੀ ਹੋ ਸਕਦੀ ਹੈ, ਇੱਕ ਜਗ੍ਹਾ ਦੀ ਮਿਸਾਲ ਕਿਸੇ ਦੂਸਰੇ ਥਾਂ ਇੰਨ-ਬਿੰਨ ਲਾਗੂ ਨਹੀਂ ਹੋ ਸਕਦੀ। ਹਰ ਰਾਜ ਦੇ ਲੋਕਾਂ ਦਾ ਸੁਭਾਅ ਵੱਖਰਾ ਅਤੇ ਹਾਲਾਤ ਵੱਖਰੇ ਹੁੰਦੇ ਹਨ ਤੇ ਜਿੱਥੇ ਕਿਸੇ ਪਾਰਟੀ ਨੇ ਚੱਲਣਾ-ਵਿਗਸਣਾ ਹੈ, ਓਥੋਂ ਦੇ ਹਾਲਾਤ ਵੇਖ ਕੇ ਓਥੇ ਨਵਾਂ ਤਜਰਬਾ ਕਰਨਾ ਹੁੰਦਾ ਹੈ। ਪੰਜਾਬ ਦੀ ਸਰਕਾਰ ਤੇ ਇਸ ਦੇ ਮੁਖੀ ਨੂੰ ਹਰ ਗੱਲ ਲਈ ਦਿੱਲੀ ਵੱਲ ਵੇਖਣ ਦੀ ਲੋਕ-ਚਰਚਾ ਅਮਲ ਵਿੱਚ ਪਛਾੜਨੀ ਚਾਹੀਦੀ ਹੈ।

### ਅੱਜ ਨਾਮਾ

ਬਿਨਾਂ ਸੋਚਿਆਂ ਕਾਂਗਰਸ ਨੂੰ ਰਾਜ ਮਿਲਿਆ,
ਲੀਡਰ ਲੱਗ ਪਏ ਆਪੋ ਵਿੱਚ ਲੜਨ ਬੇਲੀ।
ਵੱਡੀ ਕੁਰਸੀ ਲਈ ਮੁੱਕਿਆ ਮਸਾਂ ਰੱਫੜ,
ਵਜ਼ੀਰੀਆਂ ਵਾਸਤੇ ਲੱਗੇ ਨੇ ਅੜਨ ਬੇਲੀ।
ਕੀਹਦੀ ਬੇੜੀ ਵਿੱਚ ਵੱਟੇ ਨੇ ਕਿੰਜ ਪਾਉਣੇ,
ਸਾਜ਼ਿਸ਼ਾਂ ਸੁਣੀਂਦਾ ਲੱਗੇ ਉਹ ਘੜਨ ਬੇਲੀ।
ਫਲਾਣਾ ਅੰਦਰੋਂ ਏਜੰਟ ਕੋਈ ਭਾਜਪਾ ਦਾ,
ਲੱਗੇ ਇਹੋ ਜਿਹੇ ਦੋਸ਼ ਕਈ ਜੜਨ ਬੇਲੀ।
ਮੁਸ਼ਕਲ ਮਿਲੀ, ਨਹੀਂ ਸੱਤਾ ਸੰਭਾਲ ਹੁੰਦੀ,
ਕਰਿਆ ਪਾਗਲ ਹੈ ਚੌਧਰ ਦੀ ਭੁੱਖ ਬੇਲੀ।
ਇਹ ਹੀ ਝਗੜਾਜੇ ਰਹੂਗਾ ਕਾਂਗਰਸ ਦਾ,
ਰਹਿਣੀ ਸੁੱਖੂ ਲਈ ਔਖੀ ਆ ਸੁੱਖ ਬੇਲੀ।

**ਤੀਸ ਮਾਰ ਖਾਂ**

## ਬਿਕਟੈਰੀਆ ਵੈਜ਼ੀਨੋਸਿਸ ਦੇ ਲੱਛਣ ਤੇ ਘਰੈਲੂ ਇਲਾਜ਼

–ਡਾ ਅਮਰੀਕ ਸਿੰਘ ਕੰਡਾ ਮੋਗਾ

ਵੈਸੇ ਤਾਂ ਕੋਈ ਵੀ ਬਿਮਾਰੀ ਛੋਟੀ ਤੇ ਚੰਗੀ ਨਹੀਂ ਹੁੰਦੀ । ਪਰ ਬਿਕਟੈਰੀਆ ਵੈਜ਼ੀਨੋਸਿਸ ਇਹੋ ਜਿਹੀ ਗੰਭੀਰ ਬਿਮਾਰੀ ਹੁੰਦੀ ਹੈ । ਜਿਸਨੂੰ ਔਰਤਾਂ ਕੁੜੀਆਂ ਛਿਪਾਉਂਦੀਆਂ ਹਨ । ਕਿਉਂਕਿ ਇਸ ਨੂੰ ਗੁਪਤ ਰੋਗ ਕਹਿੰਦੇ ਹਨ । ਜੇ ਤੁਹਾਡੇ ਲੱਤ ਤੇ ਫਿਨਸੀ ਹੈ ਤਾਂ ਤੁਸੀਂ ਕਿਸੇ ਨੂੰ ਨਹੀਂ ਦੱਸਦੇ ਤਾਂ ਇਹ ਗੁਪਤ ਰੋਗ ਹੋਇਆ । ਜਦੋਂ ਅਸੀਂ ਉਸ ਫਿਨਸੀ ਦਾ ਫੋੜਾ ਬਣ ਜਾਂਦਾ ਹੈ ਤਾਂ ਅਸੀਂ ਡਾਕਟਰ ਕੋਲ ਭੱਜਦੇ ਹਾਂ । ਇਸ ਕਰਕੇ ਕਿਸੇ ਵੀ ਬਿਮਾਰੀ ਨੂੰ ਛੋਟਾ ਨਹੀਂ ਸਮਝਣਾ ਚਾਹੀਦਾ । ਖਾਸਕਰ ਔਰਤਾਂ ਦੀ ਇਹ ਬਿਮਾਰੀ ਔਰਤਾਂ ਦੀ ਦੁਸ਼ਮਨ ਬਣ ਜਾਂਦੀ ਹੈ । ਬਹੁਤ ਸਾਰੀਆਂ ਔਰਤਾਂ ਇਸ ਸੰਗ ਸ਼ਰਮ ਇਸਦਾ ਇਲਾਜ਼ ਨਹੀਂ ਕਰਵਾਉਂਦੀਆਂ ਤੇ ਬਾਅਦ ਚ ਹੋਰ ਬਹੁਤ ਸਾਰੀਆਂ ਬਿਮਾਰੀਆਂ ਲੱਗ ਜਾਂਦੀਆਂ ਜਿਵੇਂ ਖਾਰਿਸ਼,ਪਾਣੀ ਪੈਣਾ,ਲਿਕੋਰੀਆ ਆਦਿ । ਔਰਤਾਂ ਘਰ ਦੀ ਨੀਂਹ ਹੁੰਦੀਆਂ ਨੇ ਜੇ ਨੀਂਹ ਕਮਜ਼ੋਰ ਹੋ ਗਈ ਤਾਂ ਸਾਰਾ ਘਰ ਕਿਵੇਂ ਚੱਲੂਗਾ । ਸ਼ਾਸ਼ਤਰਾਂ ਤੇ ਗ੍ਰਥਾਂ ਚ ਲਿਖਿਆ ਹੈ ਕਿ ਜਿਸ ਘਰ ਚ ਔਰਤਾਂ ਦੀ ਇੱਜ਼ਤ ਹੁੰਦੀ ਹੈ ਤੇ ਜਿਸ ਘਰ ਦੀ ਔਰਤਾਂ ਤੰਦਰੁਸਤ ਹੁੰਦੀਆਂ ਨੇ ਉਹ ਘਰ ਨੂੰ ਤੱਰਕੀ ਕਰਨ ਤੋਂ ਕੋਈ ਰੋਕ ਨਹੀਂ ਸਕਦਾ । ਆਉ ਜਾਣੀਏ ਇਸਦੇ ਘਰੇਲੂ ਤੇ ਇਲੈਕਟਰੋਹੋਮਿਉਪੈਥੀ ਇਲਾਜ਼ ।

### ਬਿਕਟੈਰੀਆ ਵੈਜ਼ੀਨੋਸਿਸ:

ਬਿਕਟੈਰੀਆ ਵੈਜ਼ੀਨੋਸਿਸ ਯੋਨੀ ਦੀ ਬਿਮਾਰੀ ਆਮ ਹੀ ਹੈ । ਯੋਨੀ ਚ ਸਮਾਨਿਆ ਰੂਪ ਚ ਬਹੁਤ ਸਾਰੇ ਚੰਗੇ ਬਿਕਟੀਰੀਆ ਦੇ ਨਾਲ ਨਾਲ ਮਾੜੇ ਬਿਕਟੀਰੀਆ ਵੀ ਹੁੰਦੇ ਹਨ । ਚੰਗੇ ਤੇ ਮਾੜੇ ਬਿਕਟੀਰੀਆ ਦੇ ਵਿਚ ਸੰਤੁਲਨ ਦੀ ਪਰੇਸ਼ਾਨੀ ਕਾਰਨ ਇਨਫੈਕਸ਼ਨ ਹੋ ਜਾਂਦਾ ਹੈ । ਆਮ ਲੱਛਣਾਂ ਚ ਖੁਜ਼ਲੀ ਤੇ ਕਦੇ ਕਦੇ ਦਰਦ ਨਾਲ ਪਿਸ਼ਾਬ ਆਉਣਾ ਤੇ ਮੱਛੀ ਵਰਗੀ ਤੇਜ ਗੰਧ ਆਉਣੀ,ਬਦਬੂ,ਜਿਆਦਾ ਪਾਣੀ ਪੈਣਾ।

### ਵੈਕਟੈਰੀਅਲ ਵਿਜੋਨੋਸਿਸ ਦੇ ਕਾਰਨ

ਬੈਕਟੇਰੀਆ ਦੇ ਸੰਤੁਲਨ ਨਾਲ ਬਾਹਰ ਹੋਣ ਦੇ ਬਾਰੇ ਚ ਸਪੈਸ਼ਲਿਸਟ ਕੁੱਝ ਨਹੀਂ ਕਹਿੰਦੇ ਪਰ ਕੁੱਝ ਕਾਰਕ ਇਨਫੈਕਸ਼ਨ ਵਧਾ ਦਿੰਦੇ ਹਨ । ਇਹਨਾਂ ਕਾਰਕਾਂ ਚ ਇੱਕ ਪਾਰਟਨਰ ਨਾਲ ਜਿਆਦਾ ਸ਼ੈਕਸ,ਨਵੇਂ ਸਾਥੀ ਨਾਲ ਸ਼ੈਕਸ ਜਿਆਦਾ ਧੂਮਰਪਾਨ ਤੇ ਸਫਾਈ ਨਾ ਰੱਖਣਾ ਸ਼ਾਮਿਲ ਹੈ ।

### ਵੈਕਟੈਰੀਅਲ ਵਿਜੋਨੋਸਿਸ ਦੇ ਘਰੇਲੂ ਉਪਚਾਰ

ਵੈਕਟੈਰੀਅਲ ਵਿਜੋਨੋਸਿਸ ਆਮ ਤੌਰ ਤੇ ਗੰਭੀਰ ਨਹੀਂ ਹੁੰਦਾ ਅਕਸਰ ਆਪਣੇ ਆਪ ਹੀ ਦੂਰ ਹੋ ਜਾਂਦਾ ਹੈ । ਪਰ ਜਦੋਂ ਇਸਦੇ ਲੱਛਣ ਵੇਖੋ ਤਾਂ ਉਪਚਾਰ ਸ਼ੁਰੂ ਕਰ ਦੇਣਾ ਚਾਹੀਦਾ ਹੈ । ਕੁੱਛ ਸਰਲ ਘਰੇਲੂ ਉਪਚਾਰ ਇਸ ਕਸ਼ਟ ਤੋਂ ਛੁਟਕਾਰਾ ਦਿਵਾਉਣ ਚ ਮਦਦ ਕਰ ਸਕਦੇ ਹਨ ।

ਸੇਬ ਦਾ ਸਿਰਕਾ ਵੈਕਟੈਰੀਅਲ ਵਿਜੋਨੋਸਿਸ ਦੇ ਲਈ ਸ਼ਾਨਦਾਰ ਘਰੇਲੂ ਉਪਾਏ ਹੈ । ਸੇਬ ਸਿਰਕਾ ਅਮਲੀਆ ਪ੍ਰਕ੍ਰਿਤੀ ਯੋਨੀ ਚ ਅਮਲਤਾ ਵਧਾਉਦਾ ਹੈ । ਜਿਸ ਕਾਰਨ ਮਾੜੇ ਬੈਕਟੈਰੀਆ ਦਾ ਜਿਉਂਦੇ ਰਹਿਣਾ ਮੁਸ਼ਕਿਲ ਹੋ ਜਾਂਦਾ ਹੈ । ਚੰਗੇ ਬੈਕਟੈਰੀਆ ਨੂੰ ਕਾਮਯਾਬ ਬਣਾਉਣ ਚ ਬੇਹਤਰ ਮਾਹੌਲ ਪੈਦਾ ਕਰਦਾ ਹੈ ।ਵੈਕਟੈਰੀਅਲ ਵਿਜੋਨੋਸਿਸ ਤੋਂ ਬਚਨ ਲਈ ਨਹਾਉਣ ਦੇ ਪਾਣੀ ਚ ਇਕ ਜਾਂ ਦੋ ਕੱਪ ਸੇਬ ਦਾ ਸਿਰਕਾ ਮਿਲਾਉ । ਫਿਰ ਇਸ ਪਾਣੀ ਵੀਹ ਮਿੰਟ ਬੈਠੋ ਇਸ ਤੋਂ ਬਾਅਦ ਯੋਨੀ ਨੂੰ ਚੰਗੀ ਤਰਾਂ ਸਾਫ ਕਰ ਕਰ ਸੁਕਾ ਲਉ । ਠੀਕ ਹੋਣ ਤੱਕ ਲਗਾਤਾਰ ਇਹ ਉਪਾਏ ਹਰ ਰੋਜ਼ ਦਿਨ ਚ ਇੱਕ ਵਾਰ ਕਰੋ ।

### ਨਾਰੀਅਲ ਦੇ ਤੇਲ ਨਾਲ ਉਪਾਏ

ਨਾਰੀਅਲ ਦਾ ਤੇਲ ਐਂਟੀਵਾਇਰਲ,ਐਂਟੀਬੈਕਟੈਰੀਆ,ਐਂਟ ਿਫੰਗਸ ਹੁੰਦਾ ਹੈ । ਇਹ ਬੈਕਟੈਰੀਆ ਨੂੰ ਮਾਰਨ ਤੇ ਇਸਦੀ ਇਨਫੈਕਸ਼ਨ ਨੂੰ ਰੋਕਨ ਚ ਮੱਦਦ ਕਰਦਾ ਹੈ ।ਇਹ ਯੋਨੀ ਦੀ ਇਨਫੈਕਸ਼ਨ ਚ ਸੁਧਾਰ ਲਿਆਉਣ ਲਈ ਨਾਰੀਅਲ ਤੇਲ ਨੂੰ ਪ੍ਰਭਾਵਿਤ ਹੋਏ ਹਿੱਸੇ ਤੇ ਦਿਨ ਚ ਤਿੰਨ ਵਾਰ ਲਗਾਉ । ਜਿਆਦਾ ਇਨਫੈਕਸ਼ਨ ਹੋਣ ਤੇ ਨਾਰੀਅਲ ਤੇਲ ਚ ਮਲਮਲ ਦਾ ਕੱਪੜੇ ਨੂੰ ਭਿਉਂ ਕੇ ਕੁੱਝ ਘੰਟੇ ਯੋਨੀ ਅੰਦਰ ਵੀ ਰੱਖ ਸਕਦੇ ਹੋ ਬਾਅਦ ਚ ਕੋਸੇ ਪਾਣੀ ਨਾਲ ਧੋ ਲਵੋ ਜਲਦੀ ਲਾਭ ਮਿਲੇਗਾ । ਆਪਣੇ ਖਾਣੇ ਦੇ ਵਿਚ ਨਾਰੀਅਲ ਦਾ



ਤੇਲ ਖਾਣ ਲਈ ਵੱਧ ਤੋਂ ਵੱਧ ਵਰਤੋ । ਇਸਦੇ ਨਾਲ ਨਾਲ ਮੈਥੀ ਦਾਣਾ ਤੇ ਲਸਨ ਦੀ ਵਰਤੋਂ ਜਿਆਦਾ ਕਰੋ ਹਰ ਰੋਜ਼ ਦੀ ਖੁਰਾਕ ਚ ਸ਼ਾਮਿਲ ਕਰੋ ।

1764- ਗੁਰੁ ਰਾਮ ਦਾਸ ਨਗਰ ਨੇੜੇ ਨੈਸਲੇ ਮੋਗਾ-142001 ਪੰਜਾਬ ਭਾਰਤ
98557-35666

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1




NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ -
ਤੁਹਾਡੀ ਭਾਸ਼ਾ ਬੋਲਦੇ – Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

# ਡਿਜੀਟਲ ਯੁੱਗ ਵਿੱਚ ਸਿੱਖਿਆ ਦਾ ਭਵਿੱਖ


ਇਸ ਵਿੱਚ ਕੋਈ ਸ਼ੱਕ ਨਹੀਂ ਹੈ, ਔਨਲਾਈਨ ਕ੍ਰਾਂਤੀ ਪੂਰੇ ਜ਼ੋਰਾਂ 'ਤੇ ਹੈ ਅਤੇ ਡਿਜੀਟਲ ਯੁੱਗ ਦਾ ਮਤਲਬ ਹੈ ਕਿ ਨਾ ਸਿਰਫ਼ ਸਾਡੀ ਜ਼ਿੰਦਗੀ ਦੇ ਹੋਰ ਪਹਿਲੂਆਂ ਨੂੰ ਹਰ ਰੋਜ਼ ਡਿਜੀਟਾਈਜ਼ ਕੀਤਾ ਜਾ ਰਿਹਾ ਹੈ, ਸਗੋਂ ਇਹ ਕਿ ਸਾਨੂੰ ਲੋੜੀਂਦੀ ਸਾਰੀ ਜਾਣਕਾਰੀ ਲਈ ਔਨਲਾਈਨ ਜਾਣ ਦੀ ਆਦਤ ਵੀ ਪੈ ਰਹੀ ਹੈ। ਅਧਿਆਪਕਾਂ ਲਈ ਇਸਦਾ ਕੀ ਅਰਥ ਹੈ, ਜਿਨ੍ਹਾਂ ਦਾ ਉਦੇਸ਼ ਡਿਜੀਟਲ ਸਿੱਖਿਆ ਦੇ ਯੁੱਗ ਵਿੱਚ ਸਿੱਖਿਆ ਦੇਣਾ ਹੈ, ਇਹ ਹੈ ਕਿ ਸਾਡੇ ਕੋਲ ਬਹੁਤ ਜ਼ਿਆਦਾ ਮੁਕਾਬਲਾ ਹੈ ਪਹਿਲਾਂ ਨਾਲੋਂ ਕਿਤੇ ਵੱਧ। ਇੱਕ ਰਵਾਇਤੀ ਸਿੱਖਿਆ ਪ੍ਰਣਾਲੀ ਬਨਾਮ ਡਿਜੀਟਲ ਸਿੱਖਣ ਦੀ ਉਮਰ 'ਪੁਰਾਣੇ ਸਕੂਲ' ਇੱਟਾਂ ਅਤੇ ਮੋਰਟਾਰ ਕਲਾਸਰੂਮ ਦੀ ਇੱਕ ਪਰੰਪਰਾਗਤ ਸਿੱਖਿਆ ਪ੍ਰਣਾਲੀ ਵਿੱਚ, ਇੱਕ ਵਿਦਿਆਰਥੀ ਦੇ ਧਿਆਨ ਲਈ ਪ੍ਰਾਇਮਰੀ ਮੁਕਾਬਲਾ ਉਹਨਾਂ ਦੇ ਗੁਆਂਢੀ ਵਿਦਿਆਰਥੀ ਦੇ ਨਾਲ ਸਮਾਜਿਕ ਸਬੰਧਾਂ ਦਾ ਆਕਰਸ਼ਕਤਾ ਜਾਂ ਪੱਧਰ ਸੀ - ਅਤੇ ਸ਼ਾਇਦ ਉਹਨਾਂ ਦੀ ਕਲਪਨਾ ਕਿੰਨੀ ਸਪਸ਼ਟ ਹੋ ਸਕਦੀ ਹੈ। ਅੱਜ, ਡਿਜੀਟਲ ਸਿੱਖਣ ਦੇ ਯੁੱਗ ਵਿੱਚ, ਅਧਿਆਪਕਾਂ ਨੂੰ ਦੁਨੀਆ ਭਰ ਤੋਂ ਧਿਆਨ ਖਿੱਚਣ ਵਾਲੀਆਂ 'ਚਮਕਦਾਰ ਵਸਤੂਆਂ' ਦੀ ਇੱਕ ਬੇਅੰਤ ਲੜੀ ਨਾਲ ਮੁਕਾਬਲਾ ਕਰਨ ਦੀ ਲੋੜ ਹੈ। ਇਹਨਾਂ ਵਿੱਚ ਅਤਿਵਾਦੀ ਹਮਲਿਆਂ, ਹੜ੍ਹਾਂ, ਰਾਜਨੀਤਿਕ ਗਲਤੀਆਂ ਦੀਆਂ ਖਬਰਾਂ ਤੋਂ ਲੈ ਕੇ ਸੰਭਾਵੀ ਮੁਕੱਦਮੇ ਵਾਲੇ ਅਜਨਬੀਆਂ ਦੀਆਂ ਪਸੰਦਾਂ ਅਤੇ ਮੁਸਕਰਾਹਟ ਅਤੇ ਇੱਥੋਂ ਤੱਕ ਕਿ ਦੁਨੀਆ ਦੇ ਸਭ ਤੋਂ ਪਿਆਰੇ ਪਾਂਡਾ ਨੂੰ ਪਹਾੜੀ ਤੋਂ ਇੰਨੇ ਪਿਆਰੇ ਢੰਗ ਨਾਲ ਘੁੰਮਦੇ ਦੇਖਣ ਦੀ ਖੁਸ਼ੀ ਵੀ ਸ਼ਾਮਲ ਹੋ ਸਕਦੀ ਹੈ। ਇਸ ਲਈ, ਇੱਕ ਸਾਰਥਕ ਸਿੱਖਣ ਦੇ ਤਜ਼ਰਬੇ ਦੀ ਸਹੂਲਤ ਲਈ ਇੱਕ ਵਿਦਿਆਰਥੀ ਦੇ ਕੀਮਤੀ ਸਮੇਂ ਅਤੇ ਧਿਆਨ ਦਾ ਕਾਫ਼ੀ ਹਿੱਸਾ ਜਿੱਤਣ ਲਈ, ਸਾਨੂੰ ਆਪਣੀਆਂ ਰੁਝੇਵਿਆਂ ਦੀਆਂ ਰਣਨੀਤੀਆਂ ਅਤੇ ਵਿਦਿਅਕ ਅਭਿਆਸਾਂ ਵਿੱਚ ਚੁਸਤ ਬਣਨ ਦੀ ਲੋੜ ਹੈ। ਔਨਲਾਈਨ ਸਿੱਖਿਅਕ ਹੋਣ ਦੇ ਨਾਤੇ, ਪਹਿਲਾਂ, ਸਾਨੂੰ ਇਹਨਾਂ ਨਵੇਂ ਸਾਧਨਾਂ ਨੂੰ ਖੋਲ੍ਹਣ ਅਤੇ ਉਹਨਾਂ ਵਿੱਚ ਮੁਹਾਰਤ ਹਾਸਲ ਕਰਨ ਲਈ ਖੁੱਲ੍ਹਾ ਹੋਣਾ ਚਾਹੀਦਾ ਹੈ, ਭਾਵੇਂ ਉਹ ਡਿਜੀਟਲ ਤਕਨਾਲੋਜੀਆਂ ਦੇ ਇਸ ਯੁੱਗ ਵਿੱਚ ਸ਼ਾਇਦ ਸਾਡੇ ਆਪਣੇ ਪੱਧਰਾਂ ਦੇ ਆਰਾਮ ਅਤੇ ਸਮਝ ਦੀ ਜਾਂਚ ਕਰਦੇ ਹੋਣ। ਇਹ ਬਿਲਕੁਲ ਜ਼ਰੂਰੀ ਹੈ, ਖਾਸ ਤੌਰ 'ਤੇ ਸਾਡੇ ਵਿੱਚੋਂ ਕੁਝ ਲਈ ਜੋ ਸਾਵਧਾਨੀ ਨਾਲ ਤਕਨਾਲੋਜੀ ਤੱਕ ਪਹੁੰਚ ਕਰਦੇ ਹਨ, ਤਾਂ ਜੋ ਸਾਨੂੰ ਰਚਨਾਤਮਕ ਅਤੇ ਨਵੀਨਤਾਕਾਰੀ ਪਹੁੰਚਾਂ ਨਾਲ ਆਉਣ ਦੀ ਇਜਾਜ਼ਤ ਦਿੱਤੀ ਜਾ ਸਕੇ ਕਿ ਅਸੀਂ ਉਹਨਾਂ ਨੂੰ ਆਪਣੇ ਅਧਿਆਪਨ ਅਭਿਆਸਾਂ ਵਿੱਚ ਸਹਿਜੇ ਹੀ ਕਿਵੇਂ ਅਪਣਾ ਸਕਦੇ ਹਾਂ। ਔਨਲਾਈਨ ਸਿੱਖਿਆ ਦੇ ਭਵਿੱਖ ਲਈ ਡਿਜੀਟਲ ਯੁੱਗ ਦਾ ਕੀ ਅਰਥ ਹੈ ਇਸ ਲਈ ਇੱਕ ਵਾਰ ਜਦੋਂ ਅਸੀਂ ਕਿਸੇ ਵਿਅਕਤੀ ਦੇ ਧਿਆਨ ਲਈ ਸ਼ੁਰੂਆਤੀ ਲੜਾਈ ਜਿੱਤ ਲਈ ਹੈ, ਅਗਲੀ ਚੁਣੌਤੀ ਉਸ ਧਿਆਨ ਨੂੰ ਬਣਾਈ ਰੱਖਣ ਦੇ ਯੋਗ ਹੋਣਾ ਹੈ ਅਤੇ ਉਹਨਾਂ ਨੂੰ ਲੰਬੇ ਸਮੇਂ ਲਈ ਪ੍ਰਭਾਵਸ਼ਾਲੀ ਢੰਗ ਨਾਲ ਸ਼ਾਮਲ ਕਰਨਾ ਹੈ। ਇਹ ਸਮਝਣਾ ਮਹੱਤਵਪੂਰਨ ਹੈ ਕਿ ਔਨਲਾਈਨ ਕ੍ਰਾਂਤੀ ਸਾਨੂੰ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਰਿਸ਼ਤੇ ਵਿੱਚ ਬੁਨਿਆਦੀ ਤਬਦੀਲੀਆਂ ਬਾਰੇ ਕੀ ਸਿਖਾ ਰਹੀ ਹੈ। ਅਸੀਂ ਪਹਿਲਾਂ ਕਦੇ ਵੀ ਰੋਜ਼ਾਨਾ ਵਿਅਕਤੀ ਨਾਲ ਜੁੜਨ ਦੀ ਥਾਂ 'ਤੇ ਅਧਿਕਾਰ ਦੇ ਰਵਾਇਤੀ ਰੂਪਾਂ ਨੂੰ ਇੰਨੇ ਵੱਡੇ ਪੱਧਰ 'ਤੇ ਰੱਦ ਕਰਦੇ ਨਹੀਂ ਦੇਖਿਆ ਹੈ। ਇਸਦਾ ਮਤਲਬ ਇਹ ਹੈ ਕਿ ਇੱਕ ਅਕਾਦਮਿਕ ਦੀ ਰਵਾਇਤੀ ਧਾਰਨਾ, ਜਿਸਨੂੰ ਬੁੱਧੀ ਦੇ ਧਾਰਕ ਵਜੋਂ ਸਤਿਕਾਰਿਆ ਜਾ ਰਿਹਾ ਹੈ, ਦਿਨੋ-ਦਿਨ ਅਪ੍ਰਸੰਗਿਕ ਹੁੰਦਾ ਜਾ ਰਿਹਾ ਹੈ। ਔਨਲਾਈਨ ਅਕਾਦਮਿਕ ਹੋਣ ਦੀ ਬਜਾਏ ਜੋ ਵਿਦਿਆਰਥੀਆਂ ਨੂੰ ਉਹਨਾਂ 'ਤੇ ਗਿਆਨ ਦੇ ਕੇ ਕੁਝ ਅਜਿਹਾ 'ਸਿਖਾਉਂਦੇ' ਹਨ ਜਿਸ ਬਾਰੇ ਉਹ ਨਹੀਂ ਜਾਣਦੇ, ਸਾਨੂੰ ਹੁਨਰਮੰਦ ਫੈਸਿਲੀਟੇਟਰ ਬਣਨ ਦੀ ਲੋੜ ਹੈ, ਜੋ ਡਿਜੀਟਲ ਸਰੋਤਾਂ ਰਾਹੀਂ ਸਿੱਖਣ ਦੀ ਯਾਤਰਾ 'ਤੇ ਸਰਗਰਮੀ ਨਾਲ ਵਿਅਕਤੀਆਂ ਨੂੰ ਸ਼ਾਮਲ ਕਰਦੇ ਹਨ। ਡਿਜੀਟਲ ਲਰਨਿੰਗ ਦਾ ਮਤਲਬ ਉਤਸੁਕਤਾ ਨੂੰ ਵਧਾਉਣਾ, ਵਿਕਾਸ ਦੀ ਮਾਨਸਿਕਤਾ ਦੇ ਵਿਕਾਸ ਦਾ ਸਮਰਥਨ ਕਰਨਾ, ਅਤੇ ਆਲੋਚਨਾ ਅਤੇ ਵਿਸ਼ਲੇਸ਼ਣ ਨੂੰ ਉਤਸ਼ਾਹਿਤ ਕਰਨਾ ਹੋ ਸਕਦਾ ਹੈ। ਪ੍ਰਮਾਣਿਕ ਹੋਣਾ ਇਹਨਾਂ ਡਿਜੀਟਲ ਸਿੱਖਣ ਦੇ ਟੀਚਿਆਂ ਨੂੰ ਸਫਲਤਾਪੂਰਵਕ ਸਾਕਾਰ ਕਰਨ ਲਈ, ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਪ੍ਰਮਾਣਿਕ ਵਿਅਕਤੀ ਹਾਂ। ਔਨਲਾਈਨ ਕ੍ਰਾਂਤੀ ਅਤੇ ਸੋਸ਼ਲ ਮੀਡੀਆ ਦੀ ਪ੍ਰਸਿੱਧੀ ਵਿੱਚ ਵਾਧਾ ਨੇ ਸਾਨੂੰ ਸਿਖਾਇਆ ਹੈ ਕਿ ਲੋਕ ਔਨਲਾਈਨ ਸੰਸਾਰ ਵਿੱਚ ਪ੍ਰਮਾਣਿਕਤਾ ਅਤੇ ਸੰਬੰਧਿਤਤਾ ਦੀ ਭਾਲ ਕਰ ਰਹੇ ਹਨ। ਸਾਨੂੰ ਆਪਣੀ ਖੁਦ ਦੀ ਕਮਜ਼ੋਰੀ ਦਿਖਾਉਣ ਲਈ ਤਿਆਰ ਰਹਿਣ ਦੀ ਲੋੜ ਹੈ ਜਦੋਂ ਅਸੀਂ ਕੁਝ ਨਹੀਂ ਜਾਣਦੇ, ਆਮ ਇਨਸਾਨਾਂ ਦੇ ਤੌਰ 'ਤੇ ਸਾਡੀ ਸੰਬੰਧਤਾ ਜੋ ਗਲਤੀਆਂ ਵੀ ਕਰਦੇ ਹਨ, ਅਤੇ, ਸਭ ਤੋਂ ਮਹੱਤਵਪੂਰਨ, ਸਾਨੂੰ ਆਪਣੇ ਵਿਸ਼ੇ ਨੂੰ ਸਿਖਾਉਣ ਲਈ ਆਪਣੇ ਜਨੂੰਨ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਡਿਜੀਟਲ ਯੁੱਗ ਵਿੱਚ ਸਿੱਖਿਆ ਸਿੱਖਿਆ ਅਤੇ ਸਿੱਖਣ ਲਈ ਇੱਕ ਦਿਲਚਸਪ ਨਵੀਂ ਥਾਂ ਹੈ,ਅਤੇ ਇਹ ਹਰ ਦਿਨ ਵਧ ਰਿਹਾ ਹੈ ਅਤੇ ਵਿਕਾਸ ਕਰ ਰਿਹਾ ਹੈ। ਔਨਲਾਈਨ ਸਿੱਖਿਅਕ ਹੋਣ ਦੇ ਨਾਤੇ, ਸਾਡੇ ਲਈ ਉਪਲਬਧ ਨਵੇਂ ਡਿਜੀਟਲ ਸਾਧਨਾਂ ਅਤੇ ਸਰੋਤਾਂ ਦੇ ਸੂਟ ਦਾ ਫਾਇਦਾ ਉਠਾਉਂਦੇ ਹੋਏ, ਸਾਨੂੰ ਇਸਦੇ ਨਾਲ ਵਧਣਾ ਅਤੇ ਵਿਕਾਸ ਕਰਨਾ ਚਾਹੀਦਾ ਹੈ, ਪਰ ਇੱਕ ਵਿਦਿਆਰਥੀ ਅਤੇ ਇੱਕ ਸਿੱਖਿਅਕ ਦੇ ਵਿਚਕਾਰ ਸਬੰਧਾਂ ਵਿੱਚ ਬੁਨਿਆਦੀ ਤਬਦੀਲੀਆਂ ਨੂੰ ਸਮਝਣਾ ਅਤੇ ਉਹਨਾਂ ਦਾ ਸਨਮਾਨ ਕਰਨਾ ਚਾਹੀਦਾ ਹੈ। ਸਾਨੂੰ ਜਵਾਬ ਵਿੱਚ ਆਪਣੇ ਨਿਮਰ, ਪ੍ਰਮਾਣਿਕਸਵੈ ਨੂੰ ਸਾਂਝਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਜੇਕਰ ਅਸੀਂ ਇਹਨਾਂ ਸਾਰੀਆਂ ਚੀਜ਼ਾਂ ਨੂੰ ਪ੍ਰਾਪਤ ਕਰ ਸਕਦੇ ਹਾਂ, ਤਾਂ ਅਸੀਂ ਪ੍ਰਭਾਵਿਤ ਕਰਨ ਅਤੇ ਜੀਵਨ ਭਰ ਸਿੱਖਣ ਲਈ ਸਭ ਤੋਂ ਵਧੀਆ ਬੁਨਿਆਦ ਰੱਖੀ ਹੈ।

ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ
ਐਜੂਕੇਸ਼ਨਲ ਕਾਲਮਨਿਸਟ ਮਲੋਟ
ਪੰਜਾਬ

# ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਦੀ ਕਿਤਾਬ, ਗੁਰੂ ਨਾਨਕ ਉਦਾਸੀ ਦਰਪਣ ਦੇ ਆਰ ਪਾਰ

-ਦਿਲਜੀਤ ਸਿੰਘ ਬੇਦੀ-

ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਸਾਹਿਬ ਦਾ ਜਗਤ-ਜਲੰਦੇ ਨੂੰ ਤਾਰਨ ਲਈ ਸੰਸਾਰ 'ਤੇ ਪ੍ਰਕਾਸ਼ਮਾਨ ਹੋਣਾ ਸਮੁੱਚੀ ਮਨੁੱਖਤਾ ਲਈ ਧਾਰਮਿਕ, ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਖੇਤਰ ਵਿਚ ਵਡਮੁੱਲੀ ਅਗਵਾਈ ਦੇਣ ਵਾਲਾ ਹੈ। ਗੁਰੂ ਸਾਹਿਬ ਦੇ ਪਾਵਨ ਉਪਦੇਸ਼ਾਂ ਅਤੇ ਸਿਧਾਂਤਾਂ ਨੇ ਹਿੰਦੁਸਤਾਨ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ, ਜਿਸ ਨਾਲ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਉਨ੍ਹਾਂ ਨੇ ਸਿੱਖ ਧਰਮ ਨੂੰ ਸਿਰਫ਼ ਅਧਿਆਤਮਿਕਤਾ ਤਕ ਹੀ ਸੀਮਤ ਨਹੀਂ ਰੱਖਿਆ ਸਗੋਂ ਮਨੁੱਖੀ-ਜੀਵਨ ਦੀ ਹਰ ਪੱਖ ਤੋਂ ਅਗਵਾਈ ਕਰਨ ਵਾਲਾ ਧਰਮ ਬਣਾਇਆ। ਉਨ੍ਹਾਂ ਨੇ ਮਨੁੱਖ ਨੂੰ ਸਚਾਈ, ਨਿਮਰਤਾ, ਦਇਆ, ਸੇਵਾ, ਸਬਰ, ਸੰਤੋਖ, ਪਰਉਪਕਾਰ ਆਦਿ ਗੁਣਾਂ ਦੇ ਧਾਰਨੀ ਹੋ ਆਤਮ-ਨਿਰਭਰ ਤੇ ਸਵੈਮਾਣ ਵਾਲਾ ਜੀਵਨ ਜੀਣ ਦੇ ਯੋਗ ਬਣਾਇਆ। ਗੁਰੂ ਸਾਹਿਬ ਨੇ ਸਮਕਾਲੀ ਸਮਾਜ ਵਿਚ ਆਰਥਿਕ ਅਸਮਾਨਤਾ ਅਤੇ ਲੁੱਟ-ਖਸੁੱਟ ਨੂੰ ਵੇਖਦਿਆਂ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੇ ਬੁਨਿਆਦੀ ਸਿਧਾਂਤਾਂ ਨੂੰ ਪ੍ਰਚਾਰਿਆ। ਹੱਥਲੀ ਪੁਸਤਕ ਖਾਲਸਾ ਪ੍ਰਚਾਰਕ ਜਥਾ ਯੂ.ਕੇ ਵਲੋਂ ਪ੍ਰਕਾਸ਼ਤ ਹੋਈ ਹੈ।




ਗੁਰੂ ਨਾਨਕ ਦਰਪਣ-ਪੁਸਤਕ ਦੇ ਵਿਦਵਾਨ ਲੇਖਕ ਨੇ ਆਪਣੀ ਜ਼ਿੰਮੇਵਾਰੀ ਬਖ਼ੂਬੀ ਨਿਭਾਈ ਹੈ। ਘਟਨਾਵਾਂ, ਪਰੰਪਰਾਵਾਂ ਅਤੇ ਗੁਰੂ ਜੀ ਦੇ ਸਮੇਂ ਵਿੱਚ ਉਤਪੰਨ ਹੋਏ ਸੰਕਲਪਾਂ ਨੂੰ ਸਮਝ ਕੇ ਗੁਰੂ ਇਤਿਹਾਸ ਦੀ ਚਾਲ ਤੇ ਸੁਭਾਅ ਨੂੰ ਪਾਠਕਾਂ ਦੇ ਸਾਹਮਣੇ ਪ੍ਰਸਤੁਤ ਕੀਤਾ ਹੈ। ਗੁਰੂ ਜੀ ਦੇ ਜੀਵਨ ਨਾਲ ਸੰਬੰਧਿਤ ਭੁਲੇ ਵਿਸਰੇ, ਅਣਗੋਲੇ ਤੱਤ ਘਟਨਾਵਾਂ ਨੂੰ ਉਜਾਗਰ ਕੀਤਾ ਹੈ। ਅਜਿਹੇ ਵਿਸ਼ਿਆਂ ਦੀ ਚਰਚਾ ਵੀ ਕੀਤੀ ਗਈ ਹੈ ਜਿਨ੍ਹਾਂ ਦੀ ਅਜੇ ਤੀਕ ਵਿਚਾਰ ਨਹੀਂ ਹੋਈ। ਨਿਗਰ ਗਵਾਹੀਆਂ ਵੀ ਇਕੱਠੀਆਂ ਕੀਤੀਆਂ ਗਈਆਂ ਹਨ। ਲੇਖਕ ਨੂੰ ਸਿੱਖ ਵਿਸ਼ਵ ਦ੍ਰਿਸ਼ਟੀ ਵਿੱਚ ਅੱਟੁਟ ਵਿਸ਼ਵਾਸ ਹੈ ਉਹ ਇਸ ਨੂੰ ਵਿਸ਼ਵ ਕਲਿਆਣਕਾਰੀ ਮੰਨਦਾ ਹੋਇਆ ਗੁਰ ਇਤਿਹਾਸ ਨੂੰ ਜਾਂਚਣ ਦਾ ਯਤਨ ਕਰਦਾ ਹੈ। ਉਹ ਇਹ ਮਨੋਰਥ ਵਿੱਚ ਕਾਮਯਾਬ ਰਿਹਾ ਹੈ।

ਆਪਣੀਆਂ ਯਾਤਰਾ ਦੌਰਾਨ ਉਹ ਸੰਸਾਰ ਦੇ ਵੱਖ-ਵੱਖ ਭਾਗਾਂ, ਖ਼ਾਸ ਕਰਕੇ ਵਿਭਿੰਨ ਧਰਮਾਂ ਦੇ ਕੇਂਦਰੀ ਅਸਥਾਨਾਂ ਵਿਖੇ ਪੁੱਜੇ ਅਤੇ ਫੋਕੇ ਕਰਮ-ਕਾਂਡਾਂ, ਧਾਰਮਿਕ ਅੰਧ-ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਦਾ ਤਰਕਸੰਗਤ ਖੰਡਨ ਕਰਦਿਆਂ ਲੋਕਾਂ ਨੂੰ ਇਕੋ ਪਰਮਾਤਮਾ ਦੇ ਲੜ ਲੱਗਣ ਲਈ ਪ੍ਰੇਰਿਆ ਅਤੇ ਧਾਰਮਿਕ ਤੇ ਸਮਾਜਿਕ ਚੇਤਨਾ ਦੇਣ ਦੇ ਨਾਲ-ਨਾਲ ਉਨ੍ਹਾਂ ਨੇ ਜਰਵਾਣਿਆਂ ਦੇ ਜ਼ੁਲਮਾਂ ਦੀ ਵੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ। ਲੋਕਾਈ ਦੇ ਹੱਕ ਵਿਚ ਆਵਾਜ ਉਠਾਉਣ ਲਈ ਅਤੇ ਭਾਈ ਮਰਦਾਨਾ ਜੀ ਨੂੰ ਨਾਲ ਲੈ ਕੇ ਦੀਨ-ਦੁਖੀਆਂ ਦੀ ਸਹਾਇਤਾ ਲਈ ਇੱਕ ਲੰਮੇਰੀ ਸੰਸਾਰ-ਯਾਤਰਾ ਆਰੰਭੀ। ਜਿਸ ਬਾਰੇ ਭਾਈ ਗੁਰਦਾਸ ਜੀ ਦਾ ਕਥਨ ਹੈ:
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ॥ (ਵਾਰ ੧:੨੪)

ਗੁਰੂ ਜੀ ਵਿਸ਼ਾਲ ਭਾਰਤ ਦੇ ਹਰ ਕੋਨੇ 'ਤੇ ਪਹੁੰਚੇ। ਉਨ੍ਹਾਂ ਮੱਧ ਪੂਰਬ ਵਿਚ ਸਥਿਤ ਇਸਲਾਮੀ ਦੇਸ਼ਾਂ ਦੇ ਲੱਗਭਗ ਸਾਰੇ ਧਰਮ ਕੇਂਦਰਾਂ ਉੱਤੇ ਜਾ ਕੇ ਵਿਭਿੰਨ ਪ੍ਰਕਾਰ ਦੀਆਂ ਭਾਰਤੀ ਤੇ ਸਾਮੀ ਧਰਮੀ ਪਰੰਪਰਾਵਾਂ ਨੂੰ ਨੇੜੇ ਹੋ ਕੇ ਵੇਖਿਆ। ਉਨ੍ਹਾਂ ਨੇ ਦਾਰਸ਼ਨਿਕ ਆਧਾਰਾਂ ਤੇ ਅਭਿਆਸ ਪ੍ਰਣਾਲੀਆਂ ਦਾ ਅਧਿਐਨ ਕੀਤਾ ਅਤੇ ਅਗਿਆਨ-ਗ੍ਰਸਤ ਲੋਕਾਂ ਨੂੰ ਵਹਿਮਾਂ-ਭਰਮਾਂ, ਰਿੱਧੀਆਂ-ਸਿੱਧੀਆਂ, ਫੋਕਟ ਕਰਮਕਾਂਡਾਂ, ਰੀਤਾਂ-ਰਸਮਾਂ ਤੇ ਅੰਧ ਵਿਸ਼ਵਾਸ਼ਾਂ ਨੂੰ ਤਿਆਗਣ ਦੀ ਸਿੱਖਿਆ ਦਿੱਤੀ। ਆਪ ਜੀ ਦੀ ਲੋਕ ਉਧਾਰਣ ਦੀ ਜੁਗਤੀ ਇਹ ਸੀ ਕਿ ਆਪ ਕਿਸੇ ਧਰਮ ਉਤਸਵ 'ਤੇ ਇਕੱਤਰ ਹੋਏ ਲੋਕਾਂ ਵਿੱਚ ਜਾ ਕੇ ਅਨੋਖੇ ਅੰਦਾਜ਼ ਨਾਲ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਦੇ ਅਤੇ ਉਨ੍ਹਾਂ ਦੇ ਫੋਕਟ ਕਰਮਾਂ ਦਾ ਖੰਡਨ ਕਰ ਕੇ ਉਨ੍ਹਾਂ ਨੂੰ ਸਤਿ ਵਿਵਹਾਰ ਕਰਨ ਦੀ ਸਿੱਖਿਆ-ਦੀਖਿਆ ਦਿੰਦੇ। ਅਨੇਕਾਂ ਹੀ ਸਾਖੀਆਂ ਆਪ ਜੀ ਦੇ ਜੀਵਨ ਵਿੱਚੋਂ ਮਿਲਦੀਆਂ ਹਨ। ਇਨ੍ਹਾਂ ਉਦਾਸੀਆਂ ਵਿੱਚੋਂ ਪਹਿਲੀ ਉਦਾਸੀ ਬਹੁਤ ਲੰਮੇਰੀ ਸੀ। ਪ੍ਰੋ. ਸਾਹਿਬ ਸਿੰਘ (ਗੁਰਮਤਿ ਪ੍ਰਕਾਸ਼, ਨਵੰਬਰ 2007) ਅਨੁਸਾਰ ਇਸ ਯਾਤਰਾ ਦੌਰਾਨ ਆਪ ਜੀ ਨੇ ਛੇ-ਸੱਤ ਹਜ਼ਾਰ ਮੀਲ ਦਾ ਸਫ਼ਰ ਕੀਤਾ।

ਗੁਰਮਤਿ ਸਾਹਿਤ ਦੇ ਪਰਿਪੇਖ ਵਿੱਚ ਧਾਰਮਿਕ ਸਾਹਿਤ, ਗੁਰੂ ਦਰਸ਼ਨ, ਸਿੱਖ ਇਤਿਹਾਸ ਦਾ ਸੰਯੋਗ ਅਨਿਖੜਵਾਂ ਹੈ। ਗੁਰਮਤਿ ਦੀ ਗੱਲ ਕਰਨ ਵਾਲੀ ਤੇ ਲਿਖਣ ਵਾਲੀ ਸ਼੍ਰੇਣੀ ਨੂੰ ਗਿਆਨੀ, ਕਥਾਵਾਚਕ, ਭਾਈ ਜੀ ਦੇ ਤੌਰ ਤੇ ਯਾਦ ਕੀਤਾ ਜਾਂਦਾ ਹੈ। ਮੁਹਾਰਨੀ ਤੇ ਲੇਖਣੀ ਦੇ ਦੋਵੇਂ ਗੁਣ ਭਾਈ ਸਾਹਿਬ ਗਿਆਨੀ ਗੁਰਬਖਸ਼ ਸਿੰਘ ਜੀ ਗੁਲਸ਼ਨ ਪਾਸ ਹਨ। ਗੁਰਮਤਿ ਸਾਹਿਤ ਵਿੱਚ ਬੜੇ ਉਚਕੋਟੀ ਦੇ ਵਿਦਵਾਨ ਸੱਜਣ ਹੋਏ ਹਨ, ਪ੍ਰਚਾਰ ਫੇਰੀਆਂ ਬਾਰੇ ਬਹੁਤ ਵਿਦਵਾਨਾਂ ਨੇ ਲਿਖਿਆ ਹੈ, ਪਰ ਸਾਰੇ ਵਿਦਵਾਨ ਇਕਸਾਰ ਨਹੀਂ, ਵੱਡ ਅਕਾਰੇ ਗ੍ਰੰਥ ਲਿਖੇ ਗਏ ਹਨ ਵੇਰਵਾ ਅੰਕਿਤ ਕਰਨਾ ਜਰੂਰੀ ਨਹੀਂ। ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਦੀ ਇਹ ਬਹੁਮੁੱਲੀ ਪੰਜਵੀਂ ਕਿਤਾਬ ਹੈ।

ਗੁਰੂ ਨਾਨਕ ਉਦਾਸੀ ਦਰਪਣ ਵਿੱਚ ਲੇਖਕ ਨੇ ਚਾਰ ਉਦਾਸੀਆਂ ਦਾ ਸੰਕਲਣ ਕੀਤਾ ਹੈ। ਉਦਾਸੀ ਦਾ ਇਤਿਹਾਸ ਤੇ ਧਾਰਮਿਕ ਸ਼ਿਜਰਾ ਬਨਾਉਣ ਲਗਿਆਂ ਲੇਖਕ ਨੇ ਸ੍ਰੋਤ ਨੂੰ ਅੰਗ ਸੰਗ ਰਖਿਆ ਹੈ। ਉਹ ਕਿਸੇ ਵੀ ਹਵਾਲੇ ਨੂੰ ਸ੍ਰੋਤ ਪ੍ਰਕਿਰਿਆ ਵਿੱਚ ਬੰਨਣ ਤੇ ਵਿਖਿਆਤ ਨੂੰ ਅੰਕਿਤ ਨਹੀਂ ਕਰਦੇ। ਲੇਖਕ ਨੇ ਗੁਰੂ ਨਾਨਕ ਉਦਾਸੀ ਦਰਪਣ ਵਿਚ ਪਹਿਲੇ 20 ਕੁ ਪੰਨਿਆਂ ਵਿੱਚ ਪਹਿਲੇ ਅਧਿਆਏ (ਸਮੇਂ ਦੇ ਹਲਾਤ) ਵਿੱਚ ਗੁਰੂ ਸਾਹਿਬ ਦਾ ਜੀਵਨ, ਸਮਾਜਿਕ, ਰਾਜਨੀਤਕ ਹਲਾਤਾਂ ਨੂੰ ਸੰਖੇਪ ਪਰ ਭਾਵਪੂਰਤ ਲਠੇਦਾਰ ਸ਼ਬਦਾਵਲੀ ਵਿੱਚ ਅੰਕਿਤ ਕੀਤਾ ਹੈ। ਕੁਲ 286 ਉਪ ਸਿਰਲੇਖ ਦਿਤੇ ਹਨ, ਭਾਵੇਂ ਇਕ ਦੋ ਪਹਿਰੇ ਦੀ ਜਾਣਕਾਰੀ ਹੈ ਜਾਂ 10 ਪੰਨਿਆਂ ਦੀ ਉਸ ਨੂੰ ਢੁਕਵੀਂ ਸ਼ਬਦਾਵਲੀ ਤੇ ਸਿਰਲੇਖਾਂ ਹੇਠ ਦਰਜ ਕੀਤਾ ਹੈ, ਜਿਵੇਂ 83 ਪੰਨਿਆਂ ਵਿੱਚ ਪਹਿਲੀ ਉਦਾਸੀ ਦਾ ਹਾਲ ਬਿਆਨ ਕਰਦਿਆਂ ਲੇਖਕ ਨੇ 104 ਉਪ ਸਿਰਲੇਖ ਵਰਤੇ ਹਨ ਜਿਸ ਕਰਕੇ ਪੁਸਤਕ ਵਿਚਲਾ ਇਤਿਹਾਸ, ਧਾਰਮਿਕ ਪੱਖ ਉਘੜ ਕੇ ਪ੍ਰਗਟ ਹੁੰਦਾ ਹੈ। ਗਿਆਨੀ ਗੁਰਬਖਸ਼ ਸਿੰਘ ਜੀ ਗੁਲਸ਼ਨ ਦੀ ਇਤਿਹਾਸ ਤੇ ਗੁਰ-ਮਤਿ ਸਾਹਿਤ ਤੇ ਚੰਗੀ ਪਕੜ ਹੈ।

ਦੂਸਰੀ ਉਦਾਸੀ 53 ਪੰਨਿਆਂ ਵਿੱਚ 68 ਦੇ ਕਰੀਬ, ਤੀਜੀ ਉਦਾਸੀ ਵਿੱਚ 68 ਪੰਨੇ ਤੇ 38 ਉਪਸਿਰਲੇਖ ਅਤੇ ਚੌਥੀ ਵਿੱਚ 83 ਪੰਨੇ ਅਤੇ 72 ਦੇ ਕਰੀਬ ਉਪ ਸਿਰਲੇਖਾਂ ਦੀ ਵਰਤੋਂ ਹੋਈ ਹੈ। ਇਤਿਹਾਸਕ, ਸਮਾਜਿਕ ਪੱਧਰ ਤੇ ਧਾਰਮਿਕ ਅਸਥਾਨਾਂ ਦਾ ਮੀਲਾਂ ਤੇ ਕਿਲੋਮੀਟਰਾਂ ਦਾ ਮਾਪਦੰਡ ਵੀ ਦਰਜ਼ ਹੈ। ਜਿਹੜੀ ਸੰਮਤ ਸੰਨ ਵਿੱਚ ਗੋਸਟਿ ਹੋਈ, ਕਿਥੇ ਕਿਥੇ ਬਾਬਾ ਗੁਰੂ ਨਾਨਕ ਦੇ ਨੂਰ ਦੀ ਕਿਰਨਾਂ ਰੁਸਨਾਈਆਂ, ਕਿਹੜੇ ਮੂਲਵਾਦੀ ਧਰਮ ਪ੍ਰਚਾਰਕਾਂ ਦਾ ਗੁਰੂ ਸਾਹਿਬ ਨਾਲ ਸੰਵਾਦ ਹੋਇਆ, ਉਨ੍ਹਾਂ ਦਾ ਪਿਛੋਕੜ ਤੇ ਮੰਤਵ ਲੇਖਕ ਦੀ ਚੰਗੀ ਤੇ ਸਲਾਹੁਣਯੋਗ ਘਾਲਣਾ ਹੈ। ਹਰ ਧਰਮ ਉਪਦੇਸ਼ਕ ਗੁਰੂ ਸਾਹਿਬ ਦੀਆਂ ਪ੍ਰਚਾਰ ਫੇਰੀਆਂ ਬਾਰੇ ਸਹਿਜ ਨਾਲ ਇਸ ਕਿਤਾਬ ਵਿੱਚਲਾ ਗਿਆਨ ਹਾਸਲ ਕਰ ਸਕਦਾ ਹੈ। ਗੁਰੂ ਜੀ ਨੇ ਸਮੁੱਚੇ ਜੀਵਨ ਦਾ ਦਰਪਣ ਹੈ ਖੋਜਾਰਥੀਆਂ ਲਈ ਲਾਹੇਵੰਦ ਹੈ।

ਗੁਰੂ ਜੀ ਕਿਹੜੇ ਰਾਹਾਂ, ਨਗਰਾਂ, ਸ਼ਹਿਰਾਂ, ਬੇਲਿਆਂ ਤੇ ਸਥਾਨਾਂ ਰਾਹੀਂ ਪ੍ਰਚਾਰ ਲਈ ਗਏ ਕਿਹੜੇ ਕਿਹੜੇ ਵਿਅਕਤੀ ਪੁਰਸ਼ ਮਿਲੇ, ਇਸ ਪੁਸਤਕ ਵਿੱਚ ਬਹੁਤ ਸਾਰੀ ਵਿੱਲਖਣ ਅਤੇ ਨਵੀਂ ਨਰੋਈ ਜਾਣਕਾਰੀ ਧਰਮ ਉਰਜਾ ਵਾਲੀ ਹੈ। ਨਾਵਾਂ ਥਾਵਾਂ, ਵਿਅਕਤੀਆਂ, ਮੌਸਮਾਂ, ਪੰਧਾਂ ਦੇ ਵੇਰਵੇ ਇੱਕਤਰ ਕਰਨੇ ਇਹ ਕਿਸੇ ਤੱਪ ਤੋਂ ਘੱਟ ਨਹੀਂ। ਇਨ੍ਹਾਂ ਨਾਲ ਸਬੰਧਤ ਤਸਵੀਰਾਂ ਦੀ ਪ੍ਰਕਾਸ਼ਨਾ ਪੁਸਤਕ ਨੂੰ ਚਾਰਚੰਨ ਲਾਉਂਦੀ ਹੈ ਯਾਤਰਾ ਦੇ ਨਕਸ਼ਿਆਂ ਤੋਂ ਇਲਾਵਾ 165 ਫੋਟੋਆਂ ਸ਼ਾਮਲ ਕੀਤੀਆਂ ਗਈਆਂ ਹਨ ਜੋ ਲੇਖਕ ਦੀ ਘਾਲਣਾ ਨੂੰ ਪਾਰਦਰਸ਼ੀ ਬਨਾਉਂਦੀਆਂ ਹਨ। ਸੂਝਵਾਨ ਗੁਰਮਤਿ ਗਿਆਨੀ ਲੇਖਕ ਨੇ 'ਤਤਕਰਾਂ ਸ਼ਬਦਾਂ' ਵਿੱਚ ਗੁਰੂ ਸਾਹਿਬ ਦੇ ਸਬਦਾਂ ਦੀਆਂ ਤੁਕਾਂ ਵੀ ਸ਼ਾਮਲ ਕੀਤੀਆਂ ਹਨ। ਅੰਦਾਜਨ 275 ਸ਼ਬਦ ਇਸ ਪੁਸਤਕ ਵਿੱਚ ਅੰਕਿਤ ਹਨ। ਪੁਸਤਕ ਦੇ ਨੇਤਰੀ ਦਰਸ਼ਨ ਕਰਦਿਆਂ ਪੜਦਿਆਂ ਏਵੇਂ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਰਾਹਾਂ ਦੀ ਭਾਲ ਵਿੱਚ ਲੇਖਕ ਨੇ ਬਹੁਤ ਯਾਤਰਾ ਕੀਤੀ ਹੈ।

ਗੁਰੂ ਨਾਨਕ ਸਾਹਿਬ ਜੀ ਦੇ ਉਪਦੇਸ਼ਾਂ ਤੋਂ ਅਗਵਾਈ ਪ੍ਰਾਪਤ ਕਰ ਕੇ ਮਨੁੱਖਤਾ ਨੂੰ ਆਪਣੇ ਅੰਦਰੋਂ ਝੂਠ, ਬੇਈਮਾਨੀ, ਕੂੜ-ਕੁਸੱਤ ਜਿਹੀਆਂ ਬੁਰਾਈਆਂ ਦਾ ਤਿਆਗ ਕਰਦਿਆਂ ਸੱਚ-ਆਚਾਰ ਦੇ ਧਾਰਨੀ ਬਣਨ ਲਈ ਇਹ ਪੁਸਤਕ ਪ੍ਰੇਰਦੀ ਹੈ। "ਗੁਰੂ ਨਾਨਕ ਉਦਾਸੀ ਦਰਪਣ" ਗੁਰੂ ਸਾਹਿਬ ਦੀਆਂ ਪ੍ਰਚਾਰ ਫੇਰੀਆਂ ਤੇ ਸਿੱਖਿਆਵਾਂ ਨਾਲ ਸਬੰਧਤ ਗਿਆਨ ਭਰਪੂਰ ਕਿਤਾਬ ਹੈ ਮੈਂ ਲੇਖਕ ਗਿਆਨੀ ਗੁਰਬਖ਼ਸ਼ ਸਿੰਘ ਜੀ ਗੁਲਸ਼ਨ ਨੂੰ ਬਹੁਤ-ਬਹੁਤ ਵਧਾਈ ਦਿੰਦਾ ਹਾਂ।

# ਪੰਜਾਬੀ ਪੋਸਟ CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

Matrimonial ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਕੇਅਰ ਗਿਵਰ ਦੀ ਲੋੜ

ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**




## ਲੜਕੇ ਦੀ ਲੋੜ

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com










## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।

# ਕਲਕੱਤਾ ਦੀਆਂ ਗੁਰਦੁਆਰਾ ਕਮੇਟੀਆਂ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਤੋੜਨ ਦੀਆਂ ਚਾਲਾਂ ਵਿਰੁੱਧ ਮਤਾ ਪਾਸ

***ਕਲਕੱਤਾ ਅੰਦਰ ਬੰਦੀ ਸਿੰਘਾਂ ਦੀ ਰਿਹਾਈ ਲਈ ਵੀ ਉੱਠੀ ਆਵਾਜ਼, ਸ਼੍ਰੋਮਣੀ ਕਮੇਟੀ ਦੀ ਮੁਹਿੰਮ ਤਹਿਤ ਪ੍ਰੋਫਾਰਮੇ ਭਰੇ *ਸਿੰਘ ਸਭਾ ਲਹਿਰ ਦੇ 150 ਸਾਲਾ ਸਮਾਗਮਾਂ ਸਬੰਧੀ ਸ਼੍ਰੋਮਣੀ ਕਮੇਟੀ ਕਰੇਗੀ ਭਰਵਾਂ ਸਹਿਯੋਗ- ਭਾਈ ਗਰੇਵਾਲ/ਖਾਲਸਾ**



ਅੰਮ੍ਰਿਤਸਰ, 11 ਦਸੰਬਰ (ਪੋਸਟ ਬਿਊਰੋ): ਕਲਕੱਤਾ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਮਜ਼ੋਰ ਕਰਨ ਵਾਲੀਆਂ ਚਾਲਾਂ ਵਿਰੁੱਧ ਮਤਾ ਪਾਸ ਕਰਦਿਆਂ ਸੁਪਰੀਮ ਸਿੱਖ ਸੰਸਥਾ ਨਾਲ ਹਰ ਪੱਧਰ ’ਤੇ ਖੜਨ ਦੀ ਵਚਨਬੱਧਤਾ ਪ੍ਰਗਟਾਈ ਹੈ। ਇਹ ਮਤਾ ਕਲਕੱਤਾ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਹੋਏ ਵਿਸ਼ੇਸ਼ ਗੁਰਮਤਿ ਸਮਾਗਮ ਦੌਰਾਨ ਪਾਸ ਕੀਤਾ ਗਿਆ ਜਿਸ ਨੂੰ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨਗੀ ਦਿੱਤੀ। ਇਸ ਮੌਕੇ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਨਰਲ ਸਕੱਤਰ ਭਾਈ ਗੁਰ-ਚਰਨ ਸਿੰਘ ਗਰੇਵਾਲ ਅਤੇ ਅੰਤ੍ਰਿਗ ਕਮੇਟੀ ਮੈਂਬਰ ਪਰਮਜੀਤ ਸਿੰਘ ਖਾਲਸਾ ਵਿਸ਼ੇਸ਼ ਤੌਰ ’ਤੇ ਮੌਜੂਦ ਸਨ, ਜਿਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੀ ਮਜ਼ਬੂਤੀ ਲਈ ਵਿਸ਼ੇਸ਼ ਮਤੇ ਵਾਸਤੇ ਕਲਕੱਤਾ ਦੇ ਸਿੱਖ ਆਗੂਆਂ ਦਾ ਧੰਨਵਾਦ ਕੀਤਾ। ਸਮਾਗਮ ਦੌਰਾਨ ਸਮੂਹ ਗੁਰਦਵਾਰਾ ਕਮੇਟੀਆਂ ਵੱਲੋਂ ਪਾਸ ਕੀਤੇ ਮਤੇ ਵਿੱਚ ਆਖਿਆ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਸਿੱਖ ਕੌਮ ਦੀ ਸਰਬ ਉਚ ਸੰਸਥਾ ਹੈ ਜਿਸ ਦੀ ਮਜ਼ਬੂਤੀ ਲਈ ਕਲਕੱਤਾ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਚਨਬੱਧ ਹਨ। ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨਾ ਕੌਮ ਨੂੰ ਕਮਜ਼ੋਰ ਕਰਨਾ ਹੈ। ਇਸ ਲਈ ਕਲਕੱਤਾ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸੰਗਤਾਂ ਸ਼੍ਰੋਮਣੀ ਕਮੇਟੀ ਦੇ ਨਾਲ ਹਨ। ਇਸ ਮੌਕੇ ਸਮੂਹ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਵੱਲੋਂ ਆਰੰਭੀ ਦਸਤਖ਼ਤੀ ਮੁਹਿੰਮ ਪੂਰੇ ਸੂਬੇ ਅੰਦਰ ਫੈਲਾਉਣ ਦੀ ਵਚਨਬੱਧਤਾ ਵੀ ਪ੍ਰਗਟਾਈ ਗਈ, ਜਿਸ ਦੀ ਸ਼ੁਰੂਆਤ ਕਰਦਿਆਂ ਸਮਾਗਮ ਵਿਚ ਸ਼ਾਮਲ ਸੰਗਤਾਂ ਪਾਸੋਂ ਵੱਡੀ ਗਿਣਤੀ ਵਿਚ ਪ੍ਰੋਫਾਰਮੇ ਭਰਵਾਏ ਗਏ।

ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਸਿੱਖ ਕੌਮ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਕਮੇਟੀ ਪ੍ਰਤੀ ਕਲਕੱਤਾ ਦੀਆਂ ਸੰਗਤਾਂ ਦੀ ਪ੍ਰਤੀਬੱਧਤਾ ਵੱਡੇ ਮਹੱਤਵ ਵਾਲੀ ਹੈ, ਜਿਸ ਦਾ ਉਹ ਧੰਨਵਾਦ ਕਰਦੇ ਹਨ। ਭਾਈ ਗਰੇਵਾਲ ਨੇ ਆਖਿਆ ਕਿ ਭਾਰਤ ਦੀ ਆਜ਼ਾਦੀ ਦੇ ਘੋਲ ਵਿਚ ਵੱਡੀ ਸ਼ਮੂਲੀਅਤ ਦੇ ਨਾਲ ਨਾਲ ਦੁਨੀਆਂ ਭਰ ਵਿੱਚ ਸਿੱਖਾਂ ਨੇ ਮਾਨਵ ਭਲਾਈ ਲਈ ਅਹਿਮ ਸੇਵਾਵਾਂ ਦਿੱਤੀਆਂ ਹਨ ਪਰ ਦੁੱਖ ਦੀ ਗੱਲ ਹੈ ਕੀ ਸਰਕਾਰਾਂ ਵੱਲੋਂ ਸਿੱਖਾਂ ਦੇ ਮਸਲਿਆਂ ਨੂੰ ਜਾਣ-ਬੁੱਝ ਕੇ ਤਵੱਜੋ ਨਹੀਂ ਦਿੱਤੀ ਜਾਂਦੀ। ਦੇਸ਼ ਦੀਆਂ ਸਰਕਾਰਾਂ ਸਿੱਖਾਂ ਪ੍ਰਤੀ ਨਾਕਾਰਾਤਮਕ ਰਵਈਆ ਅਪਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਦਾ ਸਭ ਤੋਂ ਅਹਿਮ ਸਿੱਖ ਮਸਲਾ ਬੰਦੀ ਸਿੰਘਾਂ ਦੀ ਰਿਹਾਈ ਦਾ ਹੈ, ਜਿਸ ਪ੍ਰਤੀ ਭਾਰਤ ਅਤੇ ਸਬੰਧਤ ਸੂਬਾ ਸਰਕਾਰਾਂ ਨਿਆਂ ਨਹੀਂ ਦੇ ਰਹੀਆਂ। ਉਨ੍ਹਾਂ ਆਖਿਆ ਕਿ ਹੁਣ ਪੂਰੇ ਦੇਸ਼ ਅੰਦਰ ਲੋਕ ਲਹਿਰ ਬਣ ਚੁੱਕੀ ਹੈ ਅਤੇ ਸਰਕਾਰਾਂ ਨੂੰ ਇਸ ਮਾਮਲੇ ਤੇ ਝੁੱਕਣਾ ਹੀ ਪਵੇਗਾ।

ਆਪਣੇ ਸੰਬੋਧਨ ਦੌਰਾਨ ਭਾਈ ਗਰੇਵਾਲ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਲਈ 1 ਲੱਖ ਰੁਪਏ ਦੀਆਂ ਧਾਰਮਿਕ ਪੁਸਤਕਾਂ ਦੇਣ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਸਿੰਘ ਸਭਾ ਲਹਿਰ ਦੇ ਆ ਰਹੇ 150ਵੇਂ ਵਰ੍ਹੇ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਹਰ ਪੱਧਰ ਤੇ ਸਹਿਯੋਗ ਕਰਨ ਦਾ ਵੀ ਭਰੋਸਾ ਦਿੱਤਾ।

## ਬੁੱਢਾ ਨਾਲਾ ਅਤੇ ਘੱਗਰ ਨਦੀ ਮਾਮਲੇ ਕਮੇਟੀ ਵਲੋਂ ਗਊਘਾਟ ਸ਼ਮਸ਼ਾਨਘਾਟ ਨੇੜੇ ਡਿਸਪੋਸਲ ਸਾਈਟ ਦੀ ਸਮੀਖਿਆ



ਲੁਧਿਆਣਾ, 11 ਦਸੰਬਰ (ਪੋਸਟ ਬਿਊਰੋ): ਬੁੱਢੇ ਨਾਲੇ ਅਤੇ ਘੱਗਰ ਦਰਿਆ ਦੇ ਮਸਲਿਆਂ ਨੂੰ ਲੈ ਕੇ ਵਿਧਾਨ ਸਭਾ ਕਮੇਟੀ ਦੀ ਚੰਡੀਗੜ੍ਹ ਵਿਖੇ ਭਲਕੇ ਹੋਣ ਵਾਲੀ ਸੰਭਾਵੀ ਮੀਟਿੰਗ ਤੋਂ ਇਕ ਦਿਨ ਪਹਿਲਾਂ, ਕਮੇਟੀ ਦੇ ਚੇਅਰਮੈਨ ਵਿਧਾਇਕ (ਲੁਧਿਆਣਾ ਪੂਰਬੀ) ਦਲਜੀਤ ਸਿੰਘ ਭੋਲਾ ਗਰੇਵਾਲ ਦੀ ਅਗਵਾਈ ਹੇਠ ਕਮੇਟੀ ਮੈਂਬਰਾਂ ਨੇ ਐਤਵਾਰ ਨੂੰ ਗਊਘਾਟ ਗੁਰਦੁਆਰਾ ਨੇੜੇ ਬੁੱਢੇ ਨਾਲੇ ਵਾਲੀ ਸਾਈਟ ਦਾ ਦੌਰਾ ਕੀਤਾ।

***ਭਲਕੇ ਪੰਜਾਬ ਵਿਧਾਨ ਸਭਾ ਚੰਡੀਗੜ੍ਹ ਵਿਖੇ ਹੋਵੇਗੀ ਕਮੇਟੀ ਦੀ ਵਿਸ਼ੇਸ਼ ਮੀਟਿੰਗ**

ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਜਲ ਸਰੋਤਾਂ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਲਈ ਕੰਮ ਕਰ ਰਹੀ ਹੈ, ਬੁੱਢੇ ਨਾਲੇ ਅਤੇ ਘੱਗਰ ਨਦੀ ਨਾਲ ਸਬੰਧਤ ਮੁੱਦਿਆਂ ਦੀ ਘੋਖ ਕਰਨ ਲਈ ਉਕਤ ਵਿਧਾਨ ਸਭਾ ਕਮੇਟੀ ਦਾ ਗਠਨ ਕੀਤਾ ਗਿਆ ਹੈ। ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਕਮੇਟੀ ਦੇ ਚੇਅਰਮੈਨ ਹਨ ਜਦਕਿ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ, ਮਦਨ ਲਾਲ ਬੱਗਾ, ਕੁਲਵੰਤ ਸਿੰਘ ਸਿੱਧੂ, ਹਰਦੀਪ ਸਿੰਘ ਮੁੰਡੀਆਂ, ਗੁਰਪ੍ਰੀਤ ਸਿੰਘ ਬਣਾਂਵਾਲੀ, ਬਰਿੰਦਰ ਗੋਇਲ, ਮਨਪ੍ਰੀਤ ਸਿੰਘ ਇਆਲੀ, ਕੁਲਜੀਤ ਸਿੰਘ ਰੰਧਾਵਾ ਅਤੇ ਸੰਦੀਪ ਜਾਖੜ ਕਮੇਟੀ ਦੇ ਮੈਂਬਰ ਹਨ।

ਵਿਧਾਇਕ ਭੋਲਾ ਗਰੇਵਾਲ, ਪੱਪੀ ਅਤੇ ਬੱਗਾ ਸਮੇਤ ਵਿਧਾਇਕਾਂ ਨੇ ਐਤਵਾਰ ਨੂੰ ਲੁਧਿਆਣਾ ਨਗਰ ਨਿਗਮ ਅਤੇ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨਾਲ ਨਾਲੇ ਵਾਲੀ ਸਾਈਟ ਦਾ ਦੌਰਾ ਕੀਤਾ।

ਵਿਧਾਇਕ ਭੋਲਾ ਗਰੇਵਾਲ ਨੇ ਦੱਸਿਆ ਕਿ ਸੂਬਾ ਸਰਕਾਰ ਬੁੱਢੇ ਨਾਲੇ ਦੀ ਸਫ਼ਾਈ ਲਈ ਕੰਮ ਕਰ ਰਹੀ ਹੈ ਅਤੇ ਬੁੱਢੇ ਨਾਲੇ ਦੀ ਸਫ਼ਾਈ ਲਈ 650 ਕਰੋੜ ਰੁਪਏ ਦੇ ਪ੍ਰਾਜੈਕਟ ਵਿੱਚ ਤੇਜ਼ੀ ਲਿਆਉਣ ਲਈ ਯਤਨ ਕੀਤੇ ਜਾ ਰਹੇ ਹਨ। ਸਥਾਨਕ ਅਧਿਕਾਰੀਆਂ ਨੂੰ ਇਸ ਪ੍ਰੋਜੈਕਟ ਤਹਿਤ ਗਊਘਾਟ ਗੁਰਦੁਆਰੇ ਨੇੜੇ ਇੱਕ ਇੰਟਰਮੀਡੀਏਟ ਪੰਪਿੰਗ ਸਟੇਸ਼ਨ (ਆਈ.ਪੀ.ਐਸ.) ਸਥਾਪਤ ਕਰਨ ਲਈ ਜਗ੍ਹਾ ਲੱਭਣ ਵਿੱਚ ਕੁਝ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸਦੇ ਤਹਿਤ ਸੀਵਰੇਜ ਦੇ ਕੂੜੇ ਨੂੰ ਸੀਵਰ ਟ੍ਰੀਟਮੈਂਟ ਪਲਾਂਟ (ਐਸ.ਟੀ.ਪੀ.) ਤੱਕ ਲਿਜਾਣ ਲਈ ਆਈ.ਪੀ.ਐਸ. ਦੀ ਸਥਾਪਨਾ ਕੀਤੀ ਜਾਣੀ ਹੈ।

ਐਤਵਾਰ ਦਾ ਦੌਰਾ ਨੇੜਲੇ ਖੇਤਰ ਵਿੱਚ ਜਗ੍ਹਾ ਲੱਭਣ ਲਈ ਤਹਿ ਕੀਤਾ ਗਿਆ ਸੀ ਅਤੇ ਕੁਝ ਸਥਾਨਾਂ ਦੀ ਪਛਾਣ ਵੀ ਕੀਤੀ ਗਈ। ਵਿਧਾਇਕ ਭੋਲਾ ਗਰੇਵਾਲ ਨੇ ਕਿਹਾ ਕਿ ਸੋਮਵਾਰ ਨੂੰ ਚੰਡੀਗੜ੍ਹ ਵਿਖੇ ਹੋਣ ਵਾਲੀ ਵਿਧਾਨ ਸਭਾ ਕਮੇਟੀ ਦੀ ਮੀਟਿੰਗ ਦੌਰਾਨ ਸਾਈਟਾਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਜਾਵੇਗੀ ਅਤੇ ਇਸ ਸਬੰਧੀ ਅੰਤਿਮ ਫੈਸਲਾ ਜਲਦ ਹੀ ਲਿਆ ਜਾਵੇਗਾ।

## ਪੀਏਸੀ ਤੇ ਹੋਰ ਵਾਤਾਵਰਨ ਪ੍ਰੇਮੀਆਂ ਵੱਲੋਂ ਬੁੱਢਾ ਦਰਿਆ ਦੇ ਨਾਲ ਪ੍ਰਦੂਸ਼ਣ ਵਿਰੋਧੀ ਮਾਰਚ



ਲੁਧਿਆਣਾ 11 ਦਸੰਬਰ (ਪੋਸਟ ਬਿਊਰੋ): ਐਤਵਾਰ ਨੂੰ ਇਥੇ ਬੁੱਢੇ ਦਰਿਆ ਦੇ ਨਾਲ ਪ੍ਰਦੂਸ਼ਣ ਵਿਰੋਧੀ ਪਦਯਾਤਰਾ ਦੀ ਲੜੀ ਦਾ ਚੌਥਾ ਪੜਾਅ ਆਯੋਜਿਤ ਕੀਤਾ ਗਿਆ। ਇਹ ਮਾਰਚ ਜੋ ਪਿੰਡ ਧੰਨਾਨਸੂ ਦੇ ਪੁੱਲ ਤੋਂ ਖਾਸੀ ਕਲਾਂ ਦੇ ਪੁੱਲ ਤੱਕ ਚਲਿਆ ਦੀ ਅਗਵਾਈ ਬੁੱਢਾ ਦਰੀਆ ਟਾਸਕ ਫੋਰਸ ਦੇ ਕਰਨਲ ਜੇ.ਐਸ.ਗਿੱਲ ਨੇ ਕੀਤੀ।

ਮਾਰਚ ਵਿੱਚ ਪੀਏਸੀ ਅਤੇ ਹੋਰ ਵਾਤਾਵਰਣ ਸੰਸਥਾਵਾਂ ਦੇ ਕਾਰਕੁਨਾਂ ਤੋਂ ਇਲਾਵਾ ਨਨਕਾਣਾ ਸਾਹਿਬ ਪਬਲਿਕ ਸਕੂਲ ਖਾਸੀ ਕਲਾਂ ਦੇ 20 ਦੇ ਕਰੀਬ ਵਿਦਿਆਰਥੀਆਂ ਨੇ ਵੀ ਸ਼ਮੂਲੀਅਤ ਕੀਤੀ। ਕਾਰਕੁੰਨਾਂ ਅਤੇ ਵਿਦਿਆਰਥੀਆਂ ਨੇ ਡੇਅਰੀ ਮਾਲਕਾਂ ਅਤੇ ਪਿੰਡ ਵਾਸੀਆਂ ਨਾਲ ਬੁੱਢਾ ਡੇਅਰੀ ਦੇ ਪਾਣੀ ਦੇ ਪ੍ਰਦੂਸ਼ਣ ਅਤੇ ਪਲਾਸਟਿਕ ਪ੍ਰਦੂਸ਼ਣ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਵਿਚਾਰ ਵਟਾਂਦਰਾ ਕੀਤਾ।

ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਰਨਲ ਜੇ.ਐਸ.ਗਿੱਲ ਨੇ ਕਿਹਾ ਕਿ ਵਿਸ਼ਵ ਪ੍ਰਦੂਸ਼ਣ ਕਾਰਨ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਪ੍ਰਤੀ ਜਾਗਰੂਕ ਹੁੰਦਾ ਜਾ ਰਿਹਾ ਹੈ। ਜਿਵੇਂ-ਜਿਵੇਂ ਵਿਸ਼ਵ ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ, ਇਹ ਸਮੱਸਿਆਵਾਂ ਵਧਦੀਆਂ ਹੀ ਜਾ ਰਹੀਆਂ ਹਨ। ਜਿਨ੍ਹਾਂ ਨੌਜਵਾਨ ਵਿਦਿਆਰਥੀਆਂ ਦੇ ਅੱਗੇ ਆਪਣੀ ਪੂਰੀ ਜ਼ਿੰਦਗੀ ਹੈ, ਉਨ੍ਹਾਂ ਨੂੰ ਪ੍ਰਦੂਸ਼ਿਤ ਨਦੀਆਂ ਕਾਰਨ ਵਧੇਰੇ ਸਮੱਸਿਆਵਾਂ ਦਾ ਸਾਹ-ਮਣਾ ਕਰਨਾ ਪਵੇਗਾ।” ਉਨ੍ਹਾਂ ਇਹ ਵੀ ਕਿਹਾ ਕਿ ਅੱਜ ਸਾਡੇ ਨਾਲ ਮਾਰਚ ਕਰਨ ਵਾਲੇ ਵਿਦਿਆਰਥੀਆਂ ਨੇ ਆਪਣੇ ਪਰਿਵਾਰਾਂ, ਦੋਸਤਾਂ ਅਤੇ ਆਂਢ-ਗੁਆਂਢ ਵਿੱਚ ਬੁੱਢਾ ਦਰਿਆ ਦੇ ਪ੍ਰਦੂਸ਼ਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਦਾ ਪ੍ਰਣ ਲਿਆ ਹੈ।

ਪੀ.ਏ.ਸੀ ਦੇ ਕਰਨਲ ਸੀ.ਐਮ ਲਖਨਪਾਲ ਨੇ ਕਿਹਾ ਕਿ ਬੁੱਢਾ ਦਰਿਆ ਦੀ ਸਮੱਸਿਆ ਨੂੰ ਜਲਦੀ ਤੋਂ ਜਲਦੀ ਹੱਲ ਕੀਤੇ ਜਾਣ ਦੀ ਲੋੜ ਹੈ ਕਿਉਂਕਿ ਇਹ ਨਾ ਸਿਰਫ਼ ਪੰਜਾਬੀਆਂ ਦੀ ਸਿਹਤ ਨੂੰ ਪ੍ਰਭਾਵਿਤ ਕਰਦੀ ਹੈ ਸਗੋਂ ਵਿਸ਼ਵ ਭਰ ਵਿੱਚ ਪੰਜਾਬ ਦੇ ਅਕਸ ਨੂੰ ਵੀ ਨੁਕਸਾਨ ਪਹੁੰਚਾਉਂਦੀ ਹੈ। ਅਕਸ ਸੁਧਰਨ ਨਾਲ ਪੰਜਾਬ ਵਾਤਾਵਰਣ ਅਨੁਕੂਲ ਉਦਯੋਗ ਲਈ ਸੰਸਾਰ ਵਿੱਚ ਇੱਕ ਆਕਰਸ਼ਕ ਨਿਵੇਸ਼ ਸਥਾਨ ਬਣ ਸਕਦਾ ਹੈ। ਸਾਨੂੰ ਪੰਜਾਬ ਦੀਆਂ ਅਜਿਹੀਆਂ ਵਾਤਾਵਰਨ ਸਮੱਸਿਆਵਾਂ ਨੂੰ ਜਲਦੀ ਤੋਂ ਜਲਦੀ ਹੱਲ ਕਰਨਾ ਚਾਹੀਦਾ ਹੈ। ਸਾਨੂੰ ਪ੍ਰਦੂਸ਼ਕਾਂ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ਼ ਅਤੇ ਉੱਚ ਤਕਨੀਕੀ ਉਦਯੋਗ ਲਿਆਉਣਾ ਚਾਹੀਦਾ ਹੈ।”

ਪਲਾਸਟਿਕ ਪ੍ਰਦੂਸ਼ਣ ਵਿਰੁੱਧ ਐਕਸ਼ਨ ਗਰੁੱਪ ਦੇ ਅਭਿਮਾਨਿਊ ਜੋ ਜਲੰਧਰ ਤੋਂ ਆਪਣੇ 7 ਸਾਲ ਦੇ ਬੇਟੇ ਨਾਲ ਇਸ ਮਾਰਚ ਵਿੱਚ ਸ਼ਾਮਲ ਹੋਣ ਲਈ ਵਿਸ਼ੇਸ਼ ਤੌਰ ‘ਤੇ ਪਹੁੰਚੇ ਸਨ, ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਕਿ ਪ੍ਰਦੂਸ਼ਣ ਵਿਰੁੱਧ ਅਜਿਹੀਆਂ ਗਤੀਵਿਧੀਆਂ ਲੁਧਿਆਣਾ ਵਿੱਚ ਹੋ ਰਹੀਆਂ ਹਨ। ਉਹਨਾਂ ਕਿਹਾ ਕਿ ਉਹ ਵਾਪਸ ਜਾ ਕੇ ਜਲੰਧਰ ਵਿੱਚ ਵੀ ਇਸੇ ਤਰ੍ਹਾਂ ਦੇ ਯਤਨਾਂ ਦੀ ਸ਼ੁਰੂਆਤ ਕਰਨਗੇ।

ਨਰੋਆ ਪੰਜਾਬ ਮੰਚ ਦੇ ਜਸਕੀਰਤ ਸਿੰਘ ਨੇ ਕਿਹਾ, “ਪੰਜਾਬ ਪ੍ਰਦੂਸ਼ਣ ਤੋਂ ਪਰੇਸ਼ਾਨ ਹੈ ਪਰ ਹੁਣ ਪੰਜਾਬ ਭਰ ਤੋਂ ਕਾਰਕੁਨ ਪ੍ਰਦੂਸ਼ਣ ਵਿਰੁੱਧ ਸਾਡੇ ਐਤਵਾਰ ਦੇ ਮਾਰਚ ਵਿੱਚ ਸ਼ਾਮਲ ਹੋ ਰਹੇ ਹਨ। ਪੰਜਾਬ ਜਾਗ ਰਿਹਾ ਹੈ ਅਤੇ ਪ੍ਰਦੂਸ਼ਣ ਦੀ ਰੋਕਥਾਮ ਵਿੱਚ ਦੇਸ਼ ਅਤੇ ਦੁਨੀਆਂ ਦਾ ਰਾਹ ਦਸੇਰਾ ਬਣ ਸਕਦਾ ਹੈ। ਅਸੀਂ ਅਗਲੇ ਹਫ਼ਤੇ ਪੰਜਾਬ ਭਰ ਤੋਂ ਹੋਰ ਸ਼ਮੂਲੀਅਤ ਦੀ ਉਮੀਦ ਕਰਦੇ ਹਾਂ।”

ਬ੍ਰਿਗੇਡੀਅਰ ਇੰਦਰਮੋਹਨ ਸਿੰਘ, ਕਰਨਲ ਇਕਬਾਲ ਸਿੰਘ ਪੰਨੂ, ਗੁਰਪ੍ਰੀਤ ਸਿੰਘ ਪਲਾਹਾ, ਸੁਭਾਸ਼ ਚੰਦਰ, ਡਾ. ਵੀ.ਪੀ. ਮਿਸ਼ਰਾ, ਦਾਨ ਸਿੰਘ, ਜੀ.ਐਸ. ਬੱਤਰਾ, ਪੂਜਾ ਸੇਨ-ਗੁਪਤਾ, ਸੁਧਾਂਸ਼ੂ ਸੇਨਗੁਪਤਾ, ਨਿਸ਼ਾਂਤ ਕੋਹਲੀ, ਗੌਰਵ ਠਾਕੁਰ, ਐਡਵੋਕੇਟ ਆਰ.ਐਸ. ਅਰੋੜਾ ਸਮੇਤ ਹਰਿਆਵਲ ਪੰਜਾਬ ਦੇ ਟੀਮ ਮੈਂਬਰਾਂ ਨੇ ਡਾ. ਰਾਕੇਸ਼ ਸ਼ਾਰਦਾ, ਕਮਲ ਕਟਾਰੀਆ ਅਤੇ ਹਰਸ਼ ਗਰਗ ਨੇ ਵੀ ਇਸ ਮਾਰਚ ਵਿੱਚ ਸ਼ਿਰਕਤ ਕੀਤੀ।

## ਤਰਨਤਾਰਨ ਹਮਲਾ ਪੰਜਾਬ ਲਈ ਖ਼ਤਰੇ ਦੀ ਚੇਤਾਵਨੀ: ਕਾਂਗਰਸ



ਚੰਡੀਗੜ੍ਹ, 11 ਦਸੰਬਰ (ਗਿਆਨ ਸਿੰਘ)- ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਤਰਨਤਾਰਨ ਜ਼ਿਲ੍ਹੇ ਦੇ ਸਰਹਾਲੀ ਥਾਣੇ 'ਤੇ ਹੋਏ ਆਰ।ਪੀ।ਜੀ ਹਮਲੇ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਹ ਸੂਬੇ ਲਈ ਖਤਰੇ ਦੀ ਚੇਤਾਵਨੀ ਹੈ ਅਤੇ ਇਸਨੇ ਪੰਜਾਬ ਨੂੰ ਇੱਕ ਵਾਰ ਫਿਰ ਕਾਲੇ ਦੌਰ ਦੀ ਯਾਦ ਦਿਵਾ ਦਿੱਤੀ ਹੈ।

ਇੱਥੇ ਜਾਰੀ ਬਿਆਨ ਵਿੱਚ ਵੜਿੰਗ ਨੇ ਕਿਹਾ ਕਿ ਪੰਜਾਬ ਲਈ ਇਹ ਆਖਰੀ ਚੇਤਾਵਨੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਪੰਜਾਬ ਸਰਕਾਰ ਆਪਣੀ ਗੂੜ੍ਹੀ ਨੀਂਦ ਤੋਂ ਜਾਗ ਕੇ ਸਥਿਤੀ ਦੀ ਗੰਭੀਰਤਾ ਨੂੰ ਸਮਝੇਗੀ। ਉਨ੍ਹਾਂ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਅਪਰਾਧਿਕ ਲਾਪਰਵਾਹੀ ਦੀ ਆਲੋਚਨਾ ਕੀਤੀ ਹੈ, ਜਿਸ ਕਾਰਨ ਪੰਜਾਬ ਦੀ ਅਮਨ ਸ਼ਾਂਤੀ ਨੂੰ ਭੰਗ ਕਰਨ ਵਾਲੀਆਂ ਤਾਕਤਾਂ ਨੂੰ ਕਾਨੂੰਨ ਦੇ ਡਰ ਤੋਂ ਬਿਨਾਂ ਆਪਣੇ ਨਾਪਾਕ ਮਨਸੂਬਿਆਂ ਨੂੰ ਅੰਜਾਮ ਦੇਣ ਦਾ ਮੌਕਾ ਮਿਲ ਰਿਹਾ ਹੈ।

ਵੜਿੰਗ ਨੇ ਕਿਹਾ ਕਿ ਇਨ੍ਹਾਂ ਹਾਲਾਤਾਂ ਲਈ ਆਪ ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ ਅਤੇ ਉਹ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ। ਇਨ੍ਹਾਂ ਘਟਨਾਵਾਂ ਦਾ ਮੁੜ ਵਾਪਰਨਾ ਖ਼ਤਰੇ ਦੀ ਨਿਸ਼ਾਨੀ ਹੈ, ਜਿਸਦਾ ਕਾਰਨ ਇਹ ਹੈ ਕਿ 'ਆਪ' ਸਰਕਾਰ ਸਥਿਤੀ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ।

ਉਨ੍ਹਾਂ ਜ਼ਿਕਰ ਕੀਤਾ ਕਿ 'ਆਪ' ਸਰਕਾਰ ਦੇ ਸੱਤਾ ਸੰਭਾਲਣ ਤੋਂ ਬਾਅਦ ਇਹ ਦੂਜਾ ਆਰਪੀਜੀ ਹਮਲਾ ਹੈ। ਸੂਬੇ ਵਿੱਚ ਪਹਿਲਾਂ ਹੀ ਡਰ ਦਾ ਮਾਹੌਲ ਬਣਿਆ ਹੋਇਆ ਹੈ, ਜਿਸ ਵਿਰੁੱਧ ਅਸੀਂ ਵਾਰ-ਵਾਰ ਚੇਤਾਵਨੀ ਦੇ ਰਹੇ ਹਾਂ ਪਰ ਸਰਕਾਰ ਕੋਈ ਕਦਮ ਨਹੀਂ ਚੁੱਕ ਰਹੀ।

ਸੂਬਾ ਕਾਂਗਰਸ ਪ੍ਰਧਾਨ ਨੇ ਉਮੀਦ ਜਤਾਈ ਹੈ ਕਿ ਇਸ ਵਾਰ ਸਰਕਾਰ ਇਸ ਖਤਰੇ ਨੂੰ ਗੰਭੀਰਤਾ ਨਾਲ ਲਵੇਗੀ। ਉਨ੍ਹਾਂ ਚੇਤਾਵਨੀ ਦਿੱਤੀ ਕਿ ਇੱਥੇ ਟਾਰਗੇਟ ਕਿਲਿੰਗ ਹੋ ਰਹੀਆਂ ਹਨ ਅਤੇ ਪੁਲੀਸ ਸਟੇਸ਼ਨ 'ਤੇ ਰਾਕੇਟ ਹਮਲਾ ਹੋਇਆ ਹੈ, ਜੋ ਸੂਬੇ ਲਈ ਠੀਕ ਨਹੀਂ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਦੀਆਂ ਚੋਣਾਂ ਵਿੱਚ ਰੁੱਝੀ ਰਹੀ। ਜਦੋਂ ਕਿ ਪ੍ਰਸ਼ਾਸਨ ਦੀ ਪ੍ਰਵਾਹ ਨਹੀਂ ਕੀਤੀ ਗਈ ਅਤੇ ਕਾਨੂੰਨ ਵਿਵਸਥਾ ਬੁਰੀ ਹਾਲਤ 'ਤੇ ਪਹੁੰਚ ਗਈ। ਅਜਿਹੇ 'ਚ ਪੰਜਾਬ 'ਚ ਹਿੰਸਕ ਘਟਨਾਵਾਂ ਰੋਜ਼ ਦੀਆਂ ਗੱਲਾਂ ਬਣ ਗਈਆਂ ਹਨ।

ਜਿਸ 'ਤੇ ਵੜਿੰਗ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਥਿਤੀ 'ਤੇ ਕਾਬੂ ਪਾਉਣ ਦੀ ਅਪੀਲ ਕੀਤੀ ਕਿਉਂਕਿ ਪੰਜਾਬੀਆਂ ਨੇ ਉਨ੍ਹਾਂ ਦੀ ਲੀਡਰਸ਼ਿਪ 'ਤੇ ਭਰੋਸਾ ਕੀਤਾ ਹੈ, ਨਾ ਕਿ ਕਿਸੇ ਬਾਹਰੀ ਵਿਅਕਤੀ 'ਤੇ।

ਇਸ ਦੌਰਾਨ ਉਨ੍ਹਾਂ ਨੇ ਸਥਿਤੀ ਨਾਲ ਨਜਿੱਠਣ ਲਈ ਆਪਣੀ ਪਾਰਟੀ ਵੱਲੋਂ ਸਰਕਾਰ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਪੰਜਾਬ ਦੇ ਦੁਸ਼ਮਣਾਂ ਨਾਲ ਨਜਿੱਠਣ ਲਈ ਸਰਕਾਰ ਨੂੰ ਪੂਰਾ ਸਹਿਯੋਗ ਦੇਵੇਗੀ। ਕਾਂਗਰਸ ਪਾਰਟੀ ਨੇ ਹਮੇਸ਼ਾ ਹੀ ਪੰਜਾਬ ਅਤੇ ਦੇਸ਼ ਦੇ ਵਿਰੋਧੀਆਂ ਦਾ ਮੁਕਾਬਲਾ ਕਰਨ ਲਈ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਕੰਮ ਕੀਤਾ ਹੈ।

## ਸੀਏਏ ਨੂੰ ਸੰਸਦ ਦੀ ਮਨਜ਼ੂਰੀ ਦੇ ਤਿੰਨ ਸਾਲ ਪੂਰੇ ਹੋਣ ’ਤੇ ਉੱਤਰ-ਪੂਰਬ ਵਿਚ ਪ੍ਰਦਰਸ਼ਨ



ਗੁਹਾਟੀ, 11 ਦਸੰਬਰ (ਪੋਸਟ ਬਿਊਰੋ)- ਸੰਸਦ ਵਿਚ ਨਾਗਰਿਕਤਾ ਸੋਧ ਕਾਨੂੰਨ ਦੇ ਪਾਸ ਹੋਣ ਦੇ ਤਿੰਨ ਸਾਲ ਪੂਰੇ ਹੋਣ ’ਤੇ, ਉੱਤਰ-ਪੂਰਬੀ ਵਿਦਿਆਰਥੀ ਯੂਨੀਅਨ (ਐੱਨ.ਈ.ਐੱਸ.ਓ.) ਨੇ ਐਤਵਾਰ ਨੂੰ ਪੂਰੇ ਖੇਤਰ ਵਿਚ ਦਿਨ ਨੂੰ ‘ਕਾਲਾ ਦਿਵਸ‘ ਵਜੋਂ ਮਨਾਇਆ। ਐਨ.ਈ.ਐੱਸ.ਓ. ਦੇ ਸਲਾਹਕਾਰ ਸਮੁੱਜਲ ਭੱਟਾਚਾਰੀਆ ਨੇ ਇੱਥੇ ਇੱਕ ਬਿਆਨ ਵਿੱਚ ਕਿਹਾ ਕਿ ਐਨ.ਈ.ਐੱਸ.ਓ. ਦੇ ਸੱਦੇ ’ਤੇ ਸੱਤ ਉੱਤਰ-ਪੂਰਬੀ ਰਾਜਾਂ ਵਿਚ ਕਾਲੇ ਝੰਡੇ ਅਤੇ ਬੈਨਰ ਵਿਖਾਏ ਗਏ।

ਉਨ੍ਹਾਂ ਕਿਹਾ ਕਿ ਆਲ ਅਸਾਮ ਸਟੂਡੈਂਟਸ ਯੂਨੀਅਨ (ਏ.ਏ.ਐੱਸ.ਯੂ.), ਨਾਗਾਲੈਂਡ ਸਟੂਡੈਂਟਸ ਫੈਡਰੇਸ਼ਨ, ਆਲ ਅਰੁਣਾ-ਚਲ ਪ੍ਰਦੇਸ ਸਟੂਡੈਂਟਸ ਯੂਨੀਅਨ, ਖਾਸੀ ਸਟੂਡੈਂਟਸ ਯੂਨੀਅਨ, ਗਾਰੋ ਸਟੂਡੈਂਟਸ ਯੂਨੀਅਨ, ਆਲ ਮਨੀਪੁਰ ਸਟੂਡੈਂਟਸ ਯੂਨੀਅਨ, ਮਿਜੋ ਜਿਰਲਾਈ ਪਵਲ ਅਤੇ ਤ੍ਰਿਪੁਰਾ ਸਟੂਡੈਂਟਸ ਫੈਡਰੇਸ਼ਨ ਨੇ ਰਾਜਾਂ ਵਿੱਚ ਪ੍ਰਦਰਸ਼ਨਾਂ ਦੀ ਅਗਵਾਈ ਕੀਤੀ।

ਇਕ ਹੋਰ ਬਿਆਨ ਵਿਚ, ਇਸਦੇ ਇੰਚਾਰਜ ਪ੍ਰਧਾਨ ਉਤਪਲ ਸ਼ਰਮਾ ਨੇ ਕਿਹਾ ਕਿ ਅਸਾਮ ਵਿਚ, ਜੋ ਕਿ 2019 ਵਿਚ ਸੀਏਏ ਵਿਰੋਧੀ ਪ੍ਰਦਰਸਨਾਂ ਦਾ ਕੇਂਦਰ ਸੀ, ਏਏਐਸਯੂ ਨੇ ਵੱਖ-ਵੱਖ ਥਾਵਾਂ ’ਤੇ ਯਾਦਗਾਰੀ ਮੀਟਿੰਗਾਂ ਦਾ ਆਯੋਜਨ ਕੀਤਾ। ਉਨ੍ਹਾਂ ਕਿਹਾ ਕਿ ਤਿੰਨ ਸਾਲ ਪਹਿਲਾਂ ਅੰਦੋਲਨ ਦੌਰਾਨ ਸ਼ਹੀਦ ਹੋਏ ਪੰਜ ਵਿਅਕਤੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਮਿੱਟੀ ਦੇ ਦੀਵੇ ਜਗਾਏ ਗਏ।

ਇਹ ਕਾਨੂੰਨ ਸੰਸਦ ਦੇ ਦੋਵਾਂ ਸਦਨਾਂ ਦੁਆਰਾ ਪਾਸ ਕੀਤਾ ਗਿਆ ਸੀ ਅਤੇ ਦਸੰਬਰ 2019 ਵਿੱਚ ਇਸਨੂੰ ਰਾਸਟਰਪਤੀ ਦੀ ਮਨਜੂਰੀ ਮਿਲ ਗਈ ਸੀ। ਹਾਲਾਂਕਿ, ਸੀਏਏ ਦੇ ਤਹਿਤ ਨਿਯਮ ਬਣਾਏ ਜਾਣੇ ਬਾਕੀ ਹਨ।

## ਵਿਦਿਆਰਥੀਆਂ ਨਾਲ ਭਰੀ ਬੱਸ ਪਲਟੀ, 2 ਦੀ ਮੌਤ, 46 ਜ਼ਖਮੀ



ਮੁੰਬਈ, 11 ਦਸੰਬਰ (ਪੋਸਟ ਬਿਊਰੋ)- ਮੁੰਬਈ-ਪੁਣੇ ਐਕਸਪ੍ਰੈਸ ਵੇਅ ’ਤੇ ਵਿਦਿਆਰਥੀਆਂ ਨਾਲ ਭਰੀ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ। ਇਸ ਵਿਚ 46 ਵਿਦਿਆਰਥੀ ਅਤੇ 2 ਅਧਿਆਪਕ ਜ਼ਖਮੀ ਹੋ ਗਏ, ਜਿਨ੍ਹਾਂ ’ਚੋਂ 2 ਦੀ ਮੌਤ ਹੋ ਗਈ ਹੈ। ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਵਿਦਿਆਰਥੀ ਚੇਂਬੂਰ ਇਲਾਕੇ ਦੀ ਇੱਕ ਕੋਚਿੰਗ ਕਲਾਸ ਨਾਲ ਸਬੰਧਤ ਹਨ, ਜੋ ਪਿਕਨਿਕ ਮਨਾਉਣ ਲਈ ਖਪੋਲੀ ਪਹੁੰਚੇ ਸਨ। ਰਸਤੇ ਵਿਚ ਮੁੰਬਈ-ਪੁਣੇ ਐਕਸਪ੍ਰੈਸਵੇਅ ’ਤੇ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ। ਹਾਦਸੇ ਦੇ ਸਮੇਂ ਬੱਸ ਵਿਚ 48 ਲੋਕ ਸਵਾਰ ਸਨ। ਮੁੱਢਲੀ ਜਾਣਕਾਰੀ ਅਨੁਸਾਰ ਡਰਾਈਵਰ ਵਲੋਂ ਬੱਸ ਤੋਂ ਕੰਟਰੋਲ ਖੋਹਣ ਕਾਰਨ ਇਹ ਹਾਦਸਾ ਵਾਪਰਿਆ। ਹਾਦਸੇ ਦੀ ਸੂਚਨਾ ਮਿਲਣ ’ਤੇ ਪਹੁੰਚੀ ਪੁਲਸ ਨੇ ਸਾਰਿਆਂ ਨੂੰ ਬਚਾਇਆ ਅਤੇ ਨਜਦੀਕੀ ਹਸਪਤਾਲ ਵਿਚ ਦਾਖਲ ਕਰਵਾਇਆ।

## ਬ੍ਰਿਟੇਨ ਦੇ ਜਰਸੀ ਟਾਪੂ ਦੇ ਰਿਹਾਇਸੀ ਇਲਾਕੇ ਵਿਚ ਧਮਾਕਾ, ਤਿੰਨ ਦੀ ਮੌਤ



ਸੇਂਟ ਹੇਲੀਅਰ, 11 ਦਸੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਜਰਸੀ ਚੈਨਲ ਆਈਲੈਂਡ ਵਿਚ ਸ਼ਨੀਵਾਰ ਨੂੰ ਇਕ ਅਪਾਰਟਮੈਂਟ ਬਿਲਡਿੰਗ ਵਿਚ ਹੋਏ ਧਮਾਕੇ ਵਿਚ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਇਕ ਦਰਜਨ ਲਾਪਤਾ ਹਨ। ਘਟਨਾ ਦੀ ਸੂਚਨਾ ਸਥਾਨਕ ਪੁਲਸ ਨੂੰ ਸਵੇਰੇ 4 ਵਜੇ (ਸਥਾਨਕ ਸਮੇਂ) ਤੋਂ ਪਹਿਲਾਂ ਦਿੱਤੀ ਗਈ ਸੀ। ਜਰਸੀ ਪੁਲਸ ਦੇ ਰਾਜ ਦੇ ਮੁਖੀ ਰੌਬਿਨ ਸਮਿਥ ਨੇ ਕਿਹਾ ਕਿ ਪੁਲਸ ਨੂੰ ਘਟਨਾ ਬਾਰੇ ਸੂਚਿਤ ਕਰਨ ਤੋਂ ਬਾਅਦ ਐਮਰਜੈਂਸੀ ਸੇਵਾਵਾਂ ਘਟਨਾ ਸਥਾਨ ’ਤੇ ਪਹੁੰਚ ਗਈਆਂ।

ਸਮਿਥ ਨੇ ਅੱਗੇ ਕਿਹਾ ਕਿ ਐਮਰਜੈਂਸੀ ਸੇਵਾਵਾਂ ਨੇ ਧਮਾਕੇ ਵਾਲੀ ਥਾਂ ’ਤੇ ਅੱਗ ਬੁਝਾ ਦਿੱਤੀ। ਉਨ੍ਹਾਂ ਕਿਹਾ ਕਿ ਤਿੰਨ ਮੰਜਲਾ ਇਮਾਰਤ ਪੂਰੀ ਤਰ੍ਹਾਂ ਢਹਿ ਗਈ ਅਤੇ ਸਥਿਤੀ ਨੂੰ ਵਿਨਾਸ਼ਕਾਰੀ ਦ੍ਰਿਸ਼ ਦੱਸਿਆ। ਇਸ ਤੋਂ ਇਲਾਵਾ ਰੌਬਿਨ ਸਮਿਥ ਨੇ ਕਿਹਾ ਕਿ ਲੋਕਾਂ ਨੂੰ ਕਈ ਫਲੈਟਾਂ ਤੋਂ ਬੇਦਖਲ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 20 ਤੋਂ 30 ਲੋਕਾਂ ਨੂੰ ਆਸ-ਪਾਸ ਦੇ ਟਾਊਨ ਹਾਲ ਵਿਚ ਪਨਾਹ ਲਈ ਲਿਜਾਇਆ ਗਿਆ ਹੈ।

ਮੁੱਖ ਅਧਿਕਾਰੀ ਰੌਬਿਨ ਸਮਿਥ ਨੇ ਦੱਸਿਆ ਕਿ ਲਾਪਤਾ ਲੋਕਾਂ ਦੀ ਭਾਲ ਅਤੇ ਬਚਾਅ ਮੁਹਿੰਮ ਚਲਾਈ ਗਈ ਹੈ। ਖਾਸ ਤੌਰ ’ਤੇ, ਜਰਸੀ ਫਰਾਂਸ ਦੇ ਉੱਤਰ-ਪੱਛਮੀ ਤੱਟ ਤੋਂ ਇੱਕ ਟਾਪੂ ਖੇਤਰ ਹੈ। ਅਧਿਕਾਰੀਆਂ ਨੇ ਘਟਨਾ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਸ਼ੁਰੂ ਕਰ ਦਿੱਤੀ ਹੈ। ਧਮਾਕੇ ਤੋਂ ਇਕ ਰਾਤ ਪਹਿਲਾਂ ਵਸਨੀਕਾਂ ਨੇ ਗੈਸ ਦੀ ਬਦਬੂ ਆਉਣ ਦੀ ਸੂਚਨਾ ਦਿੱਤੀ ਸੀ।

## ਨੇਪਾਲ ਬਾਰਡਰ ’ਤੇ ਤਾਇਨਾਤ ਜਵਾਨ ਲਾਪਤਾ, ਭਾਲ ਵਿਚ ਜੁਟੀ ਪੁਲਸ

ਚੰਪਾਵਤ, 11 ਦਸੰਬਰ (ਪੋਸਟ ਬਿਊਰੋ)- ਉਤਰਾਖੰਡ ਦੇ ਚੰਪਾਵਤ ਜ਼ਿਲ੍ਹੇ ਦੇ ਤਨਕਪੁਰ ਖੇਤਰ ਵਿਚ ਨੇਪਾਲ ਸਰਹੱਦ ’ਤੇ ਚਾਮੀਗੜ ਵਿਖੇ ਤਾਇਨਾਤ ਸ਼ਸਤਰ ਸੀਮਾ ਬਲ (ਐੱਸ.ਐੱਸ.ਬੀ.) ਦਾ ਇਕ ਸਿਪਾਹੀ ਲਾਪਤਾ ਹੋ ਗਿਆ ਹੈ। ਇਸ ਸਬੰਧੀ ਐੱਸ.ਐੱਸ.ਬੀ. ਦੇ ਸਹਾਇਕ ਸਬ-ਇੰਸਪੈਕਟਰ ਨੇ ਟਨਕਪੁਰ ਕੋਤਵਾਲੀ ਵਿਚ ਜਵਾਨ ਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਵਾਈ ਹੈ।

ਤਨਕਪੁਰ ਦੇ ਕੋਤਵਾਲ ਚੰਦਰਮੋਹਨ ਸਿੰਘ ਨੇ ਦੱਸਿਆ ਕਿ ਐੱਸ.ਐੱਸ.ਬੀ. ਦੀ ਪੰਜਵੀਂ ਕੋਰ ਈ-ਕੰਪਨੀ, ਕਾਲਢੂੰਗਾ ਦੀ ਚਾਮੀਗੜ ਸਰਹੱਦੀ ਚੌਕੀ ਵਿੱਚ ਤਾਇਨਾਤ 35 ਸਾਲਾ ਦੀਪਕ ਕੁਮਾਰ ਯਾਦਵ ਦੇਰ ਸ਼ਾਮ ਤੋਂ ਲਾਪਤਾ ਦੱਸਿਆ ਗਿਆ ਹੈ।

ਉਸ ਨੇ ਦੱਸਿਆ ਕਿ ਰਾਜਸਥਾਨ ਦੇ ਅਲਵਰ ਢਾਕੀ ਦੇ ਰਹਿਣ ਵਾਲੇ ਜਵਾਨ ਦੀ ਭਾਲ ਲਈ ਉਸ ਦੇ ਸਾਥੀਆਂ ਨੇ ਪੂਰੇ ਕੈਂਪਸ ਦੀ ਤਲਾਸ਼ੀ ਲਈ, ਪਰ ਉਸ ਦਾ ਸੁਰਾਗ ਨਹੀਂ ਲੱਗ ਸਕਿਆ। ਇਸ ਤੋਂ ਬਾਅਦ ਪੰਚਮ ਵਾਹਿਨੀ ਦੇ ਸਹਾਇਕ ਸਬ-ਇੰਸਪੈਕਟਰ ਸ਼ੀਸ਼ਪਾਲ ਸਿੰਘ ਨੇ ਟਨਕਪੁਰ ਕੋਤਵਾਲੀ ਵਿਚ ਜਵਾਨ ਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਵਾਈ।

## ਛੇ ਸਾਲ ਪੁਰਾਣੇ ਮਾਣਹਾਨੀ ਮਾਮਲੇ ਵਿਚ ਇਮਰਾਨ ਖਾਨ ਦੀ ਪਟੀਸਨ ਖਾਰਜ

ਇਸਲਾਮਾਬਾਦ, 11 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਇਕ ਅਦਾਲਤ ਨੇ ਛੇ ਸਾਲ ਪੁਰਾਣੇ ਮਾਣਹਾਨੀ ਦੇ ਮਾਮਲੇ ਵਿਚ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਟੀਸਨ ਨੂੰ ਖਾਰਜ ਕਰ ਦਿੱਤਾ ਹੈ। ਪਾਕਿਸਤਾਨ ਦੇ ਮੌਜੂਦਾ ਪ੍ਰਧਾਨ ਮੰਤਰੀ ਸਾਹਬਾਜ ਸਰੀਫ ਨੇ ਇਮਰਾਨ ਖਿਲਾਫ 61 ਮਿਲੀਅਨ ਡਾਲਰ ਦਾ ਮਾਣਹਾਨੀ ਦਾ ਇਹ ਕੇਸ ਦਾਇਰ ਕੀਤਾ ਸੀ।

ਇਮਰਾਨ ਨੇ ਲਾਹੌਰ ਸੈਸਨ ਕੋਰਟ ਦੇ ਉਸ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ ਜਿਸ ਵਿਚ ਉਸ ਨੂੰ ਇਸ ਮਾਮਲੇ ਵਿਚ ਜਵਾਬ ਦੇਣ ਦੇ ਅਧਿਕਾਰ ਤੋਂ ਇਨਕਾਰ ਕੀਤਾ ਗਿਆ ਸੀ। ਲਾਹੌਰ ਹਾਈ ਕੋਰਟ ਦੇ ਜਸਟਿਸ ਚੌਧਰੀ ਮੁਹੰਮਦ ਇਕਬਾਲ ਨੇ ਸ਼ੁੱਕਰਵਾਰ ਨੂੰ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇਮਰਾਨ ਦੀ ਪਟੀਸ਼ਨ ਖਾਰਜ ਕਰ ਦਿੱਤੀ ਅਤੇ ਸੈਸ਼ਨ ਕੋਰਟ ਦੇ ਫੈਸਲੇ ਨੂੰ ਬਰਕਰਾਰ ਰੱਖਿਆ।

ਇਸ ਤੋਂ ਪਹਿਲਾਂ ਸੈਸਨ ਕੋਰਟ ਨੇ ਕਿਹਾ ਸੀ ਕਿ 70 ਸਾਲਾ ਇਮਰਾਨ ਨੇ ਸ਼ਾਹਬਾਜ ਦੁਆਰਾ ਉਠਾਏ ਇਤਰਾਜਾਂ ਦਾ ਸਮੇਂ ਸਿਰ ਜਵਾਬ ਦੇਣ ਵਿਚ ਅਸਫਲ ਰਹਿਣ ਕਰਕੇ “ਜਵਾਬ ਜਾਂ ਵਿਰੋਧ“ ਕਰਨ ਦਾ ਆਪਣਾ ਅਧਿਕਾਰ ਗੁਆ ਦਿੱਤਾ ਹੈ। ਇਮਰਾਨ ਨੇ ਅਪ੍ਰੈਲ 2017 ‘ਚ ਦੋਸ਼ ਲਗਾਇਆ ਸੀ ਕਿ ਸ਼ਹਿਬਾਜ ਨੇ ਉਸ ਨੂੰ (ਇਮਰਾਨ) 61 ਮਿਲੀਅਨ ਅਮਰੀਕੀ ਡਾਲਰ (ਲਗਭਗ 10 ਅਰਬ ਪਾਕਿਸਤਾਨੀ ਰੁਪਏ) ਦੀ ਪੇਸਕਸ ਕੀਤੀ ਸੀ।ਇਮਰਾਨ ਨੇ ਉਸ ਵਿਅਕਤੀ ਦਾ ਨਾਮ ਨਹੀਂ ਲਿਆ ਜਿਸ ਨੇ ਕਥਿਤ ਤੌਰ ‘ਤੇ ਉਸ ਨੂੰ ਸਾਹਬਾਜ ਦੀ ਤਰਫੋਂ 61 ਮਿਲੀਅਨ ਡਾਲਰ ਦੀ ਪੇਸਕਸ ਕੀਤੀ ਸੀ। ਬਾਅਦ ਵਿੱਚ, ਸਾਹਬਾਜ ਦੀ ਤਰਫੋਂ ਦਾਇਰ ਮਾਣਹਾਨੀ ਦੇ ਮੁਕੱਦਮੇ ਵਿੱਚ, ਕਿਹਾ ਗਿਆ ਸੀ ਕਿ ਜਵਾਬਦੇਹ (ਇਮਰਾਨ) ਨੇ ਉਸ ਦੇ ਖਿਲਾਫ ਝੂਠੇ ਅਤੇ ਗਲਤ ਬਿਆਨ ਦਿੱਤੇ ਸਨ।

ਸਾਹਬਾਜ ਨੇ ਦੋਸ ਲਾਇਆ ਸੀ ਕਿ ਇਮਰਾਨ ਨੇ ਉਨ੍ਹਾਂ ਦੀ ਸਾਖ ਨੂੰ ਨੁਕਸਾਨ ਪਹੁੰਚਾਇਆ ਹੈ। ਉਸ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਇਸ ਮਾਮਲੇ ਵਿੱਚ ਮੁਆਵਜੇ ਵਜੋਂ 61 ਮਿਲੀਅਨ ਅਮਰੀਕੀ ਡਾਲਰ ਦੀ ਵਸੂਲੀ ਕਰਨ ਦਾ ਹੁਕਮ ਜਾਰੀ ਕੀਤਾ ਜਾਵੇ। ਸਾਲ 2017 ਵਿਚ, ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਪਨਾਮਾ ਪੇਪਰਜ ਮਾਮਲੇ ਵਿੱਚ ਪਾਕਿ-ਸਤਾਨ ਮੁਸਲਿਮ ਲੀਗ-ਨਵਾਜ (ਪੀਐਮਐਲ-ਐਨ) ਦੇ ਮੁਖੀ ਨਵਾਜ ਸਰੀਫ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਯੋਗ ਕਰਾਰ ਦਿੱਤਾ ਸੀ।

## ਅੱਤਵਾਦੀਆਂ ਨੂੰ ‘ਮਾੜੇ ਜਾਂ ਚੰਗੇ’ ਵਜੋਂ ਸ਼੍ਰੇਣੀਬੱਧ ਕਰਨ ਦਾ ਦੌਰ ਖਤਮ ਹੋਣਾ ਚਾਹੀਦੈ ਭਾਰ ਨੇ ਸੰਯੁਕਤ ਰਾਸਟਰ ਸੁਰੱਖਿਆ ਪ੍ਰੀਸਦ ਵਿਚ ਕਿਹਾ



ਯੂ.ਐੱਸ., 11 ਦਸੰਬਰ (ਪੋਸਟ ਬਿਊਰੋ)- ਭਾਰਤ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੂੰ ਇੱਥੇ ਕਿਹਾ ਕਿ “ਸਿਆਸੀ ਸਹੂਲਤ“ ਦੇ ਆਧਾਰ ’ਤੇ ਅੱਤਵਾਦੀਆਂ ਨੂੰ ‘ਮਾੜੇ’ ਜਾਂ ‘ਚੰਗੇ’ ਵਜੋਂ ਸ਼੍ਰੇਣੀਬੱਧ ਕਰਨ ਦਾ ਦੌਰ ਤੁਰੰਤ ਖਤਮ ਹੋਣਾ ਚਾਹੀਦਾ ਹੈ। ਇਸ ਨੇ ਇਕ ਸੰਕਲਪ ਪੱਤਰ ਜਾਰੀ ਕਰਦਿਆਂ ਕਿਹਾ ਕਿ ਅੱਤਵਾਦੀ ਕਾਰਵਾਈਆਂ ਨੂੰ ਧਾਰਮਿਕ ਜਾਂ ਵਿਚਾਰਧਾਰਕ ਵਜੋਂ ਸ਼੍ਰੇਣੀਬੱਧ ਕਰਨਾ ਅੱਤਵਾਦ ਨਾਲ ਲੜਨ ਦੀ ਸਾਂਝੀ ਵਿਸ਼ਵ ਵਚਨਬੱਧਤਾ ਨੂੰ ਕਮਜ਼ੋਰ ਕਰੇਗਾ। ਸੰਯੁਕਤ ਰਾਸਟਰ ਦੀ 15 ਮੈਂਬਰੀ ਸੁਰੱਖਿਆ ਪ੍ਰੀਸ਼ਦ ਦੀ ਮੌਜੂਦਾ ਚੇਅਰ ਹੋਣ ਦੇ ਨਾਤੇ, ਭਾਰਤ ਬਹੁਪੱਖੀਵਾਦ ਅਤੇ ਅੱਤਵਾਦ ਨਾਲ ਨਜਿੱਠਣ ਦੇ ਉਪਾਵਾਂ ’ਤੇ ਦੋ ਮਹੱਤਵਪੂਰਨ ਪ੍ਰੋਗਰਾਮਾਂ ਦਾ ਆਯੋਜਨ ਕਰੇਗਾ, ਜਿਸ ਦੀ ਪ੍ਰਧਾਨਗੀ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ 14 ਅਤੇ 15 ਦਸੰਬਰ ਨੂੰ ਕਰਨਗੇ। ਬੈਠਕ ਤੋਂ ਪਹਿਲਾਂ, ਸੰਯੁਕਤ ਰਾਸ਼ਟਰ ਵਿਚ ਭਾਰਤ ਦੀ ਸਥਾਈ ਪ੍ਰਤੀਨਿਧੀ ਰੁਚਿਰਾ ਕੰਬੋਜ ਨੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੂੰ ਇੱਕ ਪੱਤਰ ਲਿਖ ਕੇ ਕਿਹਾ ਕਿ ਇਸ ਵਿਸ਼ੇ ’ਤੇ ਚਰਚਾ ਕਰਨ ਲਈ ਇਕ ਸੰਕਲਪ ਪੱਤਰ ਸੁਰੱਖਿਆ ਪਰਿਸ਼ਦ ਦੇ ਦਸਤਾਵੇਜ ਵਜੋਂ ਪ੍ਰਸਾਰਿਤ ਕੀਤਾ ਜਾਵੇ।

ਭਾਰਤ ਨੇ ਜੋਰ ਦੇ ਕੇ ਕਿਹਾ ਕਿ ਅੱਤਵਾਦ ਦੀ ਸਮੱਸਿਆ ਨੂੰ ਕਿਸੇ ਧਰਮ, ਕੌਮੀਅਤ, ਸਭਿਅਤਾ ਜਾਂ ਨਸਲੀ ਸਮੂਹ ਨਾਲ ਨਹੀਂ ਜੋੜਿਆ ਜਾ ਸਕਦਾ ਅਤੇ ਅੱਤਵਾਦ ਦੀਆਂ ਸਾਰੀਆਂ ਕਾਰਵਾਈਆਂ ਅਪਰਾਧਿਕ ਹਨ। ਪੱਤਰ ਵਿਚ ਅੱਗੇ ਕਿਹਾ ਗਿਆ ਹੈ, ‘ਅੱਤਵਾਦੀ ਖਤਰੇ ਨੂੰ ਸਮੁੰਦਰੀ ਡਾਕੂਆਂ ਅਤੇ ਸੰਗਠਿਤ ਅਪਰਾਧਿਕ ਨੈੱਟਵਰਕਾਂ ਦੁਆਰਾ ਵਧਾਇਆ ਗਿਆ ਹੈ ਜੋ ਹਥਿਆਰਾਂ ਦੀ ਤਸਕਰੀ ਕਰਦੇ ਹਨ। ਪੱਛਮੀ ਅਫਰੀਕਾ ਦੇ ਤੱਟਵਰਤੀ ਖੇਤਰ ਵਿਚ ਇਹ ਖਤਰਾ ਲਗਾਤਾਰ ਵਧਦਾ ਜਾ ਰਿਹਾ ਹੈ। ਭਾਰਤ ਨੇ ਕਿਹਾ ਕਿ ਇੰਟਰਨੈੱਟ ਅਤੇ ਸੋਸਲ ਮੀਡੀਆ ਰਾਹੀਂ ਕੱਟੜਪੰਥੀਕਰਨ ਅਤੇ ਕ੍ਰਿਪਟੋਕਰੰਸੀ ਦੇ ਜਰੀਏ ਅੱਤਵਾਦ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਦਾ ਖਤਰਾ ਖਾਸ ਤੌਰ ’ਤੇ ਕੋਰੋਨਾ ਵਾਇਰਸ ਮਹਾਮਾਰੀ ਦੌਰਾਨ ਵਧਿਆ ਹੈ।

